ਫਗਵਾੜਾ, 19 ਮਾਰਚ (ਪੋਸਟ ਬਿਉਰੋ): ਰਾਮਗੜ੍ਹੀਆ ਹਿਸਟੋਰੀਕਲ ਇੰਟਰਨੈਸ਼ਨਲ ਬੋਰਡ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸਵਰਨ ਸਿੰਘ ਸੱਗੂ ਦੀ ਪ੍ਰਧਾਨਗੀ ਹੇਠ, ਸੀਨੀਅਰ ਸਿਟੀਜ਼ਨ ਵੈਲਫੇਅਰ ਸੁਸਾਇਟੀ ਦੇ ਹਾਲ, ਫਗਵਾੜਾ, ਵਿਖੇ ਸਵੇਰੇ ਹੋਈ। ਜਿਸ ਵਿਚ ਨਾਮਵਰ ਇਤਹਾਸਕ ਲੇਖਕਾਂ, ਖੋਜ਼ਕਾਰਾਂ, ਵਿਦਵਾਨਾਂ, ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ। ਮੀਟਿੰਗ ਵਿਚ 11 ਮਾਰਚ, 1783 ਨੂੰ ਦਿੱਲੀ ਫਤਿਹ ਦਿਵਸ ਦੇ ਸਬੰਧ ਵਿਚ ਕਈ ਇਤਿਹਾਸਕਾਰਾਂ ਵਲੋਂ ਪਾਏ ਜਾ ਰਹੇ ਗੁਮਰਾਹਕੁਨ ਭੁਲੇਖਿਆਂ ਅਤੇ ਪ੍ਰਚਾਰ ਤੇ ਵਿਚਾਰਾਂ ਕੀਤੀਆਂ ਗਈਆਂ। ਵਿਸ਼ੇਸ਼ ਕਰਕੇ ਟੋਰੰਟੋ, ਕੈਨੇਡਾ ਤੋਂ ਆਏ ਇਤਹਾਸਕਾਰ ਤੇ ਲਿਖਾਰੀ ਕੇਹਰ ਸਿੰਘ ਮਠਾੜੂ ਨੇ ਸਾਰਾ ਇਤਹਾਸ ਪ੍ਰਮਾਣਾਂ ਸਾਹਿਤ ਦੱਸਿਆ। ਇਸੇ ਤਰਾਂ ਸਵਰਨ ਸਿੰਘ ਸੱਗੂ ਪ੍ਰਧਾਨ, ਗਿਆਨ ਸਿੰਘ ਬੰਮਰਾਹ ਜ. ਸਕੱਤਰ, ਭੁਪਿੰਦਰ ਸਿੰਘ ਉੱਭੀ ਮੀਡੀਆ ਸਕੱਤਰ, ਸਵਰਨ ਸਿੰਘ ਬਰਗਾੜੀ, ਬਲਦੇਵ ਸਿੰਘ ਮਣਕੂ, ਗਿਆਨ ਸਿੰਘ ਖੀਵਾ ਸਾਬਕਾ ਡੀ.ਪੀ.ਆਰ.ਓ., ਫਕੀਰ ਸਿੰਘ ਭੰਬਰਾ, ਦੀਦਾਰ ਸਿੰਘ, ਜੁਗਿੰਦਰ ਸਿੰਘ ਕੁੰਦੀ, ਬਲਦੇਵ ਕੁਮਾਰ ਸ਼ਰਮਾ ਆਦਿ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਇਤਹਾਸਕ ਸਚਾਈਆਂ ਨੂੰ ਸਾਹਮਣੇ ਲਿਆਉਣ ਦੇ ਯਤਨ ਕਰਨ ਲਈ ਵਚਨਬੱਧਤਾ ਦਰਸਾਈ ਗਈ। ਅਖੀਰ ਵਿਚ ਸਵਰਨ ਸਿੰਘ ਸੱਗੂ ਨੇ ਧੰਨਵਾਦ ਕਰਦਿਆਂ ਇਹ ਬੇਨਤੀ ਕੀਤੀ ਕਿ ਸਾਰੇ ਪੰਜਾਬ, ਹਿੰਦੋਸਤਾਨ ਅਤੇ ਦੁਨੀਆਂ ਵਿੱਚ ਜਿੱਥੇ ਜਿੱਥੇ ਵੀ ਸਾਡੇ ਸਤਿਕਾਰ ਯੋਗ ਇਤਹਾਸਕਾਰ ਲਿਖਾਰੀ, ਖੋਜ਼ਕਾਰ ਹਨ ਜਿਹਨਾਂ ਪਾਸ ਰਾਮਗੜ੍ਹੀਆਂ ਦੀਆਂ ਇਤਹਾਸਕ ਕਿਤਾਬਾਂ ਜਾਂ ਖੋਜ਼ ਪੱਤਰ ਅਤੇ ਹੋਰ ਨਿਸ਼ਾਨੀਆਂ ਹਨ ਉਹ ਸਾਨੂੰ ਇਤਲਾਹ ਕਰਨ । ਅਸੀਂ ਉਹਨਾਂ ਪਾਸ ਪਹੁੰਚ ਜਾਵਾਂਗੇ ਜਾਂ ਉਹ ਆਪ ਵੀ ਆ ਸਕਦੇ ਹਨ। ਇਸਤਰਾਂ ਕਰਕੇ ਉਹ ਇਤਹਾਸ ਨੂੰ ਸਹੀ ਅਤੇ ਸੱਚਾ-ਸੁੱਚਾ ਕਰਨ ਵਿਚ ਸਾਡੀ ਤੇ ਕੌਮ ਦੀ ਮਦਦ ਕਰ ਸਕਦੇ ਹਨ । ਇਹ ਵੀ ਅਪੀਲ ਕੀਤੀ ਕਿ ਸਾਰੇ ਰਾਮਗੜ੍ਹੀਆ ਇਤਹਾਸਕਾਰ, ਖੋਜ਼ੀ ਤੇ ਲਿਖਾਰੀ ਬੋਰਡ ਦੀ ਅਗਲੀ ਮੀਟਿੰਗ ਵਿਚ ਹਰ ਹਾਲਤ ਸਾਮਲ ਹੋਣ ਦੀ ਖੇਚਲ ਕਰਨ। ਅਸੀਂ ਉਹਨਾਂ ਦੀ ਇਸ ਕੌਮੀ ਸੇਵਾ ਲਈ ਅਤੀ ਧੰਨਵਾਦੀ ਹੋਵਾਂਗੇ।


Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation (with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ। ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਜੇਕਰ ਟਰੂਡੋ ਵੱਲੋਂ ਐਮਰਜੰਸੀ ਲਾਈ ਜਾਂਦੀ ਹੈ ਤਾਂ......

ਪਰਸੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੋਰੋਨਾ-ਵਾਇਰਸ ਦੀ ਸਰਵ-ਵਿਆਪੀ ਮਹਾਮਾਰੀ (Pandemic) ਨਾਲ ਸਿੱਝਣ ਵਾਸਤੇ 82 ਬਿਲੀਅਨ ਡਾਲਰ ਰਾਸ਼ੀ ਨੂੰ ਕੈਨੇਡੀਅਨ ਪਬਲਿਕ ਅਤੇ ਬਿਜਨਸਾਂ ਲਈ ਸਿੱਧੀ ਰਾਹਤ ਵਜੋਂ ਰੀਲੀਜ਼ ਕਰਨ ਦਾ ਐਲਾਨ ਕੀਤਾ ਗਿਆ। ਅਸਿੱਧੇ ਰੂਪ ਵਿੱਚ ਕੈਨੇਡਅਨ ਵਿੱਤੀ ਕਰਾਊਨ ਕਾਰਪੋਰੇਸ਼ਨਾਂ, ਬੈਂਕ ਆਫ ਕੈਨੇਡਾ, ਆਫਿਸ ਆਫ ਦਾ ਸੁਪਰਡੰਟ ਆਫ ਫਾਨਾਂਸ਼ੀਅਲ ਇਨਸਟੀਚਿਊਸ਼ਨਜ਼ ਅਤੇ ਹੋਰ ਕਮਰਸ਼ੀਅਲ ਵਿੱਤੀ ਸੰਸਥਾਵਾਂ ਲਈ ਜਾਰੀ ਕੀਤੇ ਗਏ ਪੈਸਿਆਂ ਨੂੰ ਮਿਲਾ ਕੇ ਸਰਕਾਰ 500 ਬਿਲੀਅਨ ਡਾਲਰ ਦੀ ਰਾਹਤ ਜਾਰੀ ਕਰ ਚੁੱਕੀ ਹੈ। ਟਰੂਡੋ ਹੋਰਾਂ ਦੇ ਨਾਮ ਥੱਲੇ ਪਰਸੋਂ ਜਾਰੀ ਕੀਤੀ ਇੱਕ ਪਰੈੱਸ ਰੀਲੀਜ਼ ਵਿੱਚ ਇੱਕ ਲੁਕਵੀਂ ਸਤਰ ਪਾਈ ਹੋਈ ਸੀ ਕਿ, 'ਸਰਕਾਰ ਇੱਕ ਵਿਸ਼ੇਸ਼ ਕਾਨੂੰਨ ਲਾਗੂ ਕਰਨ ਅਤੇ ਪਾਰਲੀਮੈਂਟ ਦੀ ਪਰਵਾਨਗੀ ਹਾਸਲ ਕਰਨ ਦਾ ਇਰਾਦਾ ਰੱਖਦੀ ਹੈ।'। ਸਰਕਾਰੀ ਤੰਤਰ-ਬੰਤਰ ਦੀ ਸੂਹ ਰੱਖਣ ਵਾਲਿਆਂ ਦਾ ਖਿਆਲ ਹੈ ਕਿ ਕਿ ਫੈਡਰਲ ਸਰਕਾਰ ਦੁਆਰਾ ਕੋਰੋਨਾ-ਵਾਇਰਸ ਸਥਿਤੀ ਨੂੰ ਕਾਬੂ ਕਰਨ ਲਈ ਐਮਰਜੰਸੀ ਲਾ ਸਕਦੀ ਹੈ।

ਫੈਡਰਲ ਪੱਧਰ ਉੱਤੇ ਐਮਰਜੰਸੀ ਦਾ ਲਾਇਆ ਜਾਣਾ ਕੈਨੇਡਾ ਦੇ ਇਤਿਹਾਸ ਵਿੱਚ ਹਾਲੇ ਤੱਕ ਸਿਰਫ਼ ਦੋ ਵਾਰ ਹੋਇਆ ਹੈ, ਇੱਕ ਵਾਰ ਪਹਿਲੀ ਸੰਸਾਰ ਜੰਗ ਵੇਲੇ ਅਤੇ ਫੇਰ ਦੂਜੀ ਵਿਸ਼ਵ ਜੰਗ ਵੇਲੇ। ਜੇ ਸਰਕਾਰ ਕੋਰੋਨਾ-ਵਾਇਰਸ ਸਥਿਤੀ ਨੂੰ ਵਿਸ਼ਵ ਜੰਗ ਵਰਗੀ ਸਥਿਤੀ ਨਾਲ ਮੁਕਾਬਲਾ ਕਰਕੇ ਵੇਖੇਗੀ ਤਾਂ ਐਮਰਜੰਸੀ ਦਾ ਲਾਇਆ ਲਾਜ਼ਮੀ ਗੱਲ ਹੋਵੇਗੀ। ਦੋ ਦਿਨ ਪਹਿਲਾਂ ਯੂਨੀਵਰਸਿਟੀ ਆਫ ਟੋਰਾਂਟੋ ਵੱਲੋਂ ਜਾਰੀ ਇੱਕ ਪਰੈੱਸ ਰੀਲੀਜ਼ ਦਾ ਸਿਰਲੇਖ ਸੀ, "COVID-2019 ਨਾਲ ਲੜਨ ਵਾਸਤੇ ਕੈਨੇਡਾ ਨੂੰ 'ਜੰਗੀ ਮਾਨਸਿਕਤਾ' ਦੀ ਲੋੜ'। ਇਹ ਪਰੈੱਸ ਰੀਲੀਜ਼ ਉਸ ਖੋਜ ਦਾ ਜ਼ਿਕਰ ਕਰਦਾ ਹੈ ਜੋ ਇਸ ਯੂਨੀਵਰਸਿਟੀ ਦੇ ਪ੍ਰੋਫੈਸਰ ਜੋਸ਼ੂਆ ਗੈਨਜ਼ ਨੇ ਕੀਤੀ ਹੈ। ਪ੍ਰੋਫੈਸਰ ਜੋਸ਼ੂਆ ਮੁਤਾਬਕ ਵਰਤਮਾਨ ਕੋਰੋਨਾ-ਵਾਇਰਸ 1918 ਵਿੱਚ ਫੈਲੀ ਸਪੈਨਿਸ਼ ਫਲੂ ਸਰਵ-ਵਿਆਪੀ ਮਹਾਮਾਰੀ ਵਾਲਾ ਇਤਿਹਾਸ ਦੁਹਰਾ ਸਕਦਾ ਹੈ।

1918 ਦੇ ਸਪੈਨਿਸ਼ ਫਲੂ ਨੇ ਉਸ ਵੇਲੇ ਵਿਸ਼ਵ ਜਨਸੰਖਿਆ ਦੇ ਤੀਜੇ ਹਿੱਸੇ ਨੂੰ ਬਿਮਾਰ ਕਰ ਦਿੱਤਾ ਸੀ ਜੋ 500 ਮਿਲੀਅਨ ਲੋਕ ਬਣਦੇ ਸਨ ਅਤੇ 50 ਮਿਲੀਅਨ ਲੋਕਾਂ ਦੀ ਮੌਤ ਹੋਈ ਸੀ ਜਿਸ ਵਿੱਚੋਂ ਪੌਣੇ ਸੱਤ ਲੱਖ ਲੋਕ ਇੱਕਲੇ ਨੌਰਥ ਅਮਰੀਕਾ ਵਿੱਚ ਰੱਬ ਨੂੰ ਪਿਆਰੇ ਹੋਏ ਸਨ। ਕਿਸੇ ਵੀ ਖੋਜ ਦੇ ਤੱਥ ਆਪਣੀ ਥਾਂ ਹੁੰਦੇ ਹਨ ਪਰ ਸੈਂਟਰਜ਼ ਫਾਰ ਡੀਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (Centres for Disease Control and Prevention) ਮੁਤਾਬਕ ਸਪੈਨਿਸ਼ ਫਲੂ ਕਾਰਣ ਅੱਜ ਵੀ ਅਮਰੀਕਾ ਵਿੱਚ ਹਰ ਸਾਲ 3000 ਤੋਂ ਲੈ ਕੇ 49,000 ਤੱਕ ਲੋਕ ਮਰਦੇ ਹਨ। ਪ੍ਰੋਫੈਸਰ ਜੋਸ਼ੂਆ ਦੀ ਰੀਸਰਚ ਵਰਗੀਆਂ ਖੋਜਾਂ ਤੋਂ ਮਿਲਦੇ ਸਬੂਤਾਂ ਦੇ ਆਧਾਰ ਉੱਤੇ ਫੈਡਰਲ ਸਰਕਾਰ ਦਾ ਐਮਰਜੰਸੀ ਲਾਉਣਾ ਕੋਈ ਅਸੰਭਵ ਗੱਲ ਨਹੀਂ ਹੈ।

ਬੇਸ਼ੱਕ ਡਿਪਟੀ ਪ੍ਰਾਈਮ ਮਿਨਿਸਟਰ ਕ੍ਰਿਸਟੀਆ ਫਰੀਲੈਂਡ ਨੇ ਕਿਹਾ ਹੈ ਕਿ ਐਮਰਜੰਸੀ ਲਾਉਣਾ ਸਰਕਾਰ ਦਾ ਆਖਰੀ ਹਥਿਆਰ ਹੋਵੇਗਾ ਪਰ ਸਿਵਲ ਅਧਿਕਾਰਾਂ ਲਈ ਖੜੇ ਹੋਣ ਵਾਲੇ ਲੋਕ ਇਸ ਸੰਭਾਵਨਾ ਦੀ ਸੋਚ ਤੋਂ ਹੀ ਤ੍ਰਭਕ ਰਹੇ ਹਨ। ਮਿਸਾਲ ਵਜੋਂ ਬ੍ਰਿਟਿਸ਼ ਕੋਲੰਬੀਆ ਸਿਵਲ ਲਿਬਰਟੀਜ਼ ਐਸੋਸੀਏਸ਼ਨ ਦਾ ਆਖਣਾ ਹੈ ਕਿ ਐਮਰਜੰਸੀ ਐਕਟ ਵਰਤ ਕੇ ਟਰੂਡੋ ਸਰਕਾਰ ਬੇਸ਼ੁਮਾਰ ਤਾਕਤਾਂ ਆਪਣੇ ਹੱਥ ਲੈ ਸਕਦੀ ਹੈ ਜਿਸ ਨਾਲ ਲੋਕਾਂ ਦੇ ਇੱਕ ਤੋਂ ਦੂਜੀ ਥਾਂ ਆਉਣ ਜਾਣ ਦਾ ਹੱਕ ਅਤੇ ਪਬਲਿਕ ਦੀ ਨਿੱਜੀ ਸੰਪਤੀ ਨੂੰ ਕੰਟਰੋਲ ਕਰਨ ਜਾਂ ਸੰਪਤੀ ਨੂੰ ਵਰਤਣ ਦਾ ਅਧਿਕਾਰ ਸਰਕਾਰ ਦੇ ਹੱਥਾਂ ਵਿੱਚ ਆ ਆ ਸਕਦਾ ਹੈ। ਇਹ ਇੱਕ ਖਤਰਨਾਕ ਸਥਿਤੀ ਹੋ ਸਕਦੀ ਹੈ। ਐਮਰਜੰਸੀ ਐਕਟ-1988 ਅਨੁਸਾਰ ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ 5000 ਹਜ਼ਾਰ ਡਾਲਰ ਜੁਰਮਾਨਾ ਜਾਂ ਪੰਜ ਸਾਲ ਦੀ ਜੇਲ੍ਹ ਕੀਤੀ ਜਾ ਸਕਦੀ ਹੈ।

ਐਮਰਜੰਸੀ ਲੱਗੇਗੀ ਜਾਂ ਨਹੀਂ ਪਰ ਇੱਕ ਗੱਲ ਦਾਅਵੇ ਨਾਲ ਆਖੀ ਜਾ ਸਕਦੀ ਹੈ ਕਿ ਕੋਰੋਨਾ-ਵਾਇਰਸ ਨੇ ਟਰੂਡੋ ਹੋਰਾਂ ਦੀ ਘੱਟ ਗਿਣਤੀ ਸਰਕਾਰ ਨੂੰ ਅਜਿਹੀਆਂ ਅਨੁਕੂਲ ਪ੍ਰਸਥਿਤੀਆਂ ਬਖਸ਼ ਦਿੱਤੀਆਂ ਹਨ ਕਿ ਵਿਰੋਧੀ ਧਿਰਾਂ ਇੱਕ ਸ਼ਬਦ ਤੱਕ ਬੋਲਣ ਦਾ ਹੀਆ ਨਹੀਂ ਕਰ ਸਕਦੀਆਂ। ਬੋਲਣ ਵੀ ਕਿਵੇਂ ਜਦੋਂ ਦੇਸ਼ ਅਤੇ ਸਮੁੱਚੇ ਵਿਸ਼ਵ ਲਈ ਇਸ ਨਾਜ਼ੁਕ ਸਮੇਂ ਦੌਰਾਨ ਸਰਕਾਰ ਕੋਰੋਨਾ ਵਾਇਰਸ ਸਮੱਸਿਆ ਨਾਲ ਸਿੱਝਣ ਵਾਸਤੇ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਪੈਦਾ ਹੋਏ ਇਹਨਾਂ ਹਾਲਾਤਾਂ ਨੂੰ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਵੇਖਿਆਂ ਪ੍ਰਤੱਖ ਹੁੰਦਾ ਹੈ ਕਿ ਜਸਟਿਨ ਟਰੂਡੋ ਦੀ ਘੱਟ ਗਿਣਤੀ ਸਰਕਾਰ ਲਈ ਇਹ ਦਿਨ ਵਿਰੋਧੀ ਧਿਰਾਂ ਅਤੇ ਮੀਡੀਆ ਦੋਵਾਂ ਦੀ ਆਲੋਚਨਾ ਤੋਂ ਮੁਕਤ ਹੋ ਕੇ ਕੰਮ ਕਰਨ ਦੇ ਹਨ। ਪਰ ਵਿਸ਼ਵ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਿਸੇ ਸ਼ਾਸ਼ਕ ਨੂੰ ਆਲੋਚਨਾ ਮੁਕਤ ਰਾਜਕਾਲ ਕਰਨ ਦਾ ਅਵਸਰ ਮਿਲਿਆ, ਸਮਾਂ ਪਾ ਕੇ ਉਸ ਸ਼ਾਸ਼ਨ ਲਈ ਲੋਕ ਕਲਿਆਣ ਪਿੱਛੇ ਪੈ ਜਾਂਦਾ ਹੈ ਅਤੇ ਅਜਿਹੇ ਸਾਸ਼ਨ ਆਪਣੇ ਨਿਸ਼ਾਨੇ ਤੋਂ ਖਿੜਕ ਜਾਂਦੇ ਰਹੇ ਹਨ। ਕੀ ਅਸੀਂ ਕਦੇ ਗਹੁ ਨਾਲ ਵੇਖਿਆ ਹੈ ਕਿ ਪਿਛਲੇ ਰਾਜਕਾਲ ਦੌਰਾਨ ਗੱਲ ਗੱਲ ਉੱਤੇ ਜਨਤਕ ਰੂਪ ਵਿੱਚ ਹੰਝੂ ਵਹਾਉਣ ਵਾਲੇ ਜਸਟਿਨ ਟਰੂਡੋ ਦਾ ਚਿਹਰਾ ਕਾਫ਼ੀ ਰੁਖੇਪਣ ਦੀ ਤਸਵੀਰ ਬਣਦਾ ਜਾ ਰਿਹਾ ਹੈ? ਕੀ ਇਹ ਉਹਨਾਂ ਉੱਤੇ ਕੰਮ ਦਾ ਬੋਝ ਹੈ ਜਾਂ ਭੱਵਿਖ ਵਿੱਚ ਆਉਣ ਵਾਲੇ ਸਖ਼ਤ ਵਕਤਾਂ ਦੀ ਨਿਸ਼ਾਨੀ ਹੈ?

# ਕੈਨੇਡਾ-ਅਮਰੀਕਾ ਸਰਹੱਦ ਇਸ ਵੀਕੈਂਡ ਬੰਦ ਹੋਣ ਦੀ ਸੰਭਾਵਨਾ : ਟਰੂਡੋ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਕੋਵਿਡ-19 ਵਰਗੇ ਲੱਛਣਾਂ ਵਾਲੇ ਯਾਤਰੀਆਂ ਨੂੰ ਕੈਨੇਡਾ ਦੀਆਂ ਉਡਾਨਾਂ ਵਿੱਚ ਦਾਖਲਾ ਵੀ ਨਹੀਂ ਦਿੱਤਾ ਜਾ ਰਿਹਾ।

ਸੈਲਫ ਆਈਸੋਲੇਸ਼ਨ ਵਿੱਚ ਰਹਿੰਦਿਆਂ ਟਰੂਡੋ ਨੂੰ ਵੀ ਇੱਕ ਹਫਤਾ ਹੋ ਗਿਆ ਹੈ। ਉਨ੍ਹਾਂ ਸਰਕਾਰ ਵੱਲੋਂ ਕੈਨੇਡੀਅਨਾਂ ਲਈ ਕੋਵਿਡ-19 ਦੇ ਸਬੰਧ ਵਿੱਚ ਚੁੱਕੇ ਜਾ ਰਹੇ ਕਦਮਾਂ ਦੀ ਜਾਣਕਾਰੀ ਵੀ ਦਿੱਤੀ। ਉਨ੍ਹਾਂ ਆਖਿਆ ਕਿ ਸੱਭ ਤੋਂ ਬਿਹਤਰ ਸਲਾਹ ਸੋਸ਼ਲ ਡਿਸਟੈਂਸਿੰਗ ਹੈ ਜਿਸ ਉੱਤੇ ਅਸੀਂ ਅਮਲ ਕਰ ਰਹੇ ਹਾਂ। ਫਰੰਟ ਲਾਈਨ ਵਰਕਰਜ਼ ਦਾ ਵੀ ਟਰੂਡੋ ਵੱਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਇਹ ਵੀ ਆਖਿਆ ਕਿ ਲੋੜੀਂਦੀਆਂ ਸਪਲਾਈਜ਼ ਮੁੱਕਣ ਨਹੀਂ ਦਿੱਤੀਆਂ ਜਾਣਗੀਆਂ। ਇਹ ਵੀ ਪਤਾ ਲੱਗਿਆ ਹੈ ਕਿ ਸਰਕਾਰ ਵੱਲੋਂ ਵੈਂਟੀਲੇਟਰਜ਼, ਮਾਸਕਸ ਤੇ ਸੈਨੇਟਾਈਜ਼ਰ ਆਦਿ ਬਣਾਉਣ ਵਾਲੀਆਂ ਕੰਪਨੀਆਂ ਨਾਲ ਵੀ ਪਿਛਲੇ ਹਫਤੇ ਤੋਂ ਹੋਰ ਸਾਜ਼ੋਸਾਮਾਨ ਤਿਆਰ ਕਰਨ ਲਈ ਗੱਲਬਾਤ ਚਲ ਰਹੀ ਹੈ। ਇਸ ਦੇ ਨਾਲ ਹੀ ਟਰੂਡੋ ਵੱਲੋਂ ਜਲਦ ਹੀ ਵਿੱਤੀ ਮਦਦ ਕੈਨੇਡੀਅਨਾਂ ਤੱਕ ਪਹੁੰਚਾਉਣ ਦਾ ਵਾਅਦਾ ਵੀ ਕੀਤਾ ਗਿਆ।

# ਵਿਦੇਸ਼ ਮੰਤਰੀ ਸੈਲਫ ਆਈਸੋਲੇਸ਼ਨ 'ਚ, ਕਰਵਾਈ ਕੋਵਿਡ-19 ਸਬੰਧੀ ਜਾਂਚ

ਓਟਵਾ, 19 ਮਾਰਚ (ਪੋਸਟ ਬਿਊਰੋ) : ਕੈਨੇਡਾ ਦੇ ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਇਹ ਐਲਾਨ ਕੀਤਾ ਹੈ ਕਿ ਉਨ੍ਹਾਂ ਵੱਲੋਂ ਕੋਵਿਡ-19 ਦੇ ਸਬੰਧ ਵਿੱਚ ਆਪਣੀ ਜਾਂਚ ਕਰਵਾਈ ਗਈ ਹੈ ਤੇ ਇਸ ਸਮੇਂ ਉਹ ਨਤੀਜਿਆਂ ਦੀ ਉਡੀਕ ਕਰ ਰਹੇ ਹਨ ਤੇ ਸੈਲਫ ਆਈਸੋਲੇਸ਼ਨ ਵਿੱਚ ਹਨ।



ਉਨ੍ਹਾਂ ਆਖਿਆ ਕਿ ਵਿਦੇਸ਼ ਤੋਂ ਪਰਤਣ ਤੋਂ ਬਾਅਦ ਫਲੂ ਵਰਗੇ ਲੱਛਣਾਂ ਨਾਲ ਜੂਝਣ ਕਾਰਨ ਉਨ੍ਹਾਂ ਅਹਿਤਿਆਤਨ ਆਪਣੀ ਜਾਂਚ ਕਰਵਾਉਣੀ ਜ਼ਰੂਰੀ ਸਮਝੀ। ਇੱਥੇ ਦੱਸਣਾ ਬਣਦਾ ਹੈ ਕਿ ਸ਼ੈਂਪੇਨ ਬੀਤੇ ਦਿਨੀਂ ਯੂਰਪ, ਖਾਸ ਤੌਰ ਉਤੇ ਲੈਟਵੀਆ, ਯੂਕਰੇਨ ਤੇ ਪੋਲੈਂਡ ਵਿੱਚ ਸਨ। ਉਨ੍ਹਾਂ ਦੇ ਆਫਿਸ ਵੱਲੋਂ ਦੱਸਿਆ ਗਿਆ ਕਿ ਇਸ ਹਫਤੇ ਦੇ ਸ਼ੁਰੂ ਵਿੱਚ ਹੀ ਉਨ੍ਹਾਂ ਦੀ ਸਿਹਤ ਖਰਾਬ ਹੋਣੀ ਸ਼ੁਰੂ ਹੋ ਗਈ ਸੀ।

ਸ਼ੈਂਪੇਨ ਵੱਲੋਂ ਕੀਤੇ ਗਏ ਕਈ ਟਵੀਟਸ ਵਿੱਚ ਆਖਿਆ ਗਿਆ ਕਿ ਉਹ ਇਸ ਔਖੀ ਘੜੀ ਦਾ ਸਾਹਮਣਾ ਕਰ ਰਹੇ ਕੈਨੇਡੀਅਨਾਂ ਦੀ ਮਦਦ ਦਿਨ ਰਾਤ ਕਰਦੇ ਰਹਿਣਗੇ ਤੇ ਇਸ ਦੇ ਨਾਲ ਹੀ ਸੰਕਟ ਪ੍ਰਤੀ ਕੌਮਾਂਤਰੀ ਪੱਧਰ ਉੱਤੇ ਪ੍ਰਗਟਾਈ ਜਾ ਰਹੀ ਪ੍ਰਤੀਕਿਰਿਆ ਨਾਲ ਵੀ ਤਾਲਮੇਲ ਬਣਾਈ ਰੱਖਣਗੇ। ਸ਼ੈਂਪੇਨ ਨੇ ਹੋਰਨਾਂ ਕੈਨੇਡੀਅਨਾਂ ਨੂੰ ਵੀ ਸੋਸ਼ਲ ਡਿਸਟੈਂਸਿੰਗ ਬਣਾਈ ਰੱਖਣ ਲਈ ਆਖਿਆ ਤੇ ਵਾਇਰਸ ਲਈ ਹੋਰ ਅਹਿਤਿਆਤ ਵਰਤਣ ਦੀ ਸਲਾਹ ਦਿੱਤੀ।

ਉਹ ਅਜਿਹੇ ਤੀਜੇ ਮੰਤਰੀ ਬਣ ਗਏ ਹਨ ਜਿਨ੍ਹਾਂ ਨੇ ਇਸ ਵਾਇਰਸ ਲਈ ਟੈਸਟ ਕਰਵਾਇਆ ਹੈ। ਉਨ੍ਹਾਂ ਦੇ ਦੋ ਸਹਿਯੋਗੀਆਂ ਦੇ ਟੈਸਟ ਨੈਗੇਟਿਵ ਆਏ ਹਨ। ਕੁਦਰਤੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਸੀਮਸ ਓਰੀਗਨ ਤੇ ਮਨਿਸਟਰ ਆਫ ਸਮਾਲ ਬਿਜ਼ਨਸ ਐਂਡ ਐਕਸਪੋਰਟ ਪ੍ਰੋਡਕਸ਼ਨ ਮੈਰੀ ਐਨਜੀ ਦੀ ਪਿਛਲੇ ਹਫਤੇ ਕੋਵਿਡ-19 ਸਬੰਧੀ ਜਾਂਚ ਨੈਗੇਟਿਵ ਆਈ ਸੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਵੀ ਸੈਲਫ ਆਈਸੋਲੇਸ਼ਨ ਵਿੱਚ ਗਿਆਂ ਇੱਕ ਹਫਤਾ ਹੋ ਚੁੱਕਿਆ ਹੈ। ਉਨ੍ਹਾਂ ਨੇ ਇਹ ਫੈਸਲਾ ਆਪਣੀ ਪਤਨੀ ਸੋਫੀ ਦੇ ਯੂਕੇ ਦੇ ਟਰਿੱਪ ਤੋਂ ਪਰਤਣ ਉਪਰੰਤ ਕਰਵਾਏ ਗਏ ਕੋਵਿਡ-19 ਟੈਸਟ ਵਿੱਚ ਪਾਜ਼ੀਟਿਵ ਆਉਣ ਤੋਂ ਬਾਅਦ ਲਿਆ ਸੀ। ਹੁਣ ਤੱਕ ਟਰੂਡੋ ਨੇ ਆਖਿਆ ਕਿ ਉਨ੍ਹਾਂ ਵਿੱਚ ਫਲੂ ਵਾਲੇ ਕੋਈ ਲੱਛਣ ਨਹੀਂ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਯੂ ਕੇ ਸਰਕਾਰ ਨੇ ਗੁਪਤ ਏਜੰਸੀ ਨੂੰ ਜਨਤਕ ਕੀਤਾ

ਲੰਡਨ, 19 ਮਾਰਚ (ਪੋਸਟ ਬਿਊਰੋ)- ਯੂ ਕੇ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਜਨਤਕ ਤੌਰ 'ਤੇ ਪੁਸ਼ਟੀ ਕੀਤੀ ਹੈ ਕਿ ਦੇਸ਼ ਵਿੱਚ ਅਜਿਹਾ ਸੰਗਠਨ ਮੌਜੂਦ ਹੈ ਜੋ ਦੁਸ਼ਮਣ ਵੱਲੋਂ ਦੇਸ਼ ਲਈ ਪੈਦਾ ਕੀਤੇ ਜਾਂਦੇ ਖ਼ਤਰੇ ਦੀ ਸਮੀਖਿਆ ਕਰ ਕੇ ਇਸ ਦੇਸ਼ ਦੀ ਸਰਕਾਰ ਨੂੰ ਜਵਾਬੀ ਕਾਰਵਾਈ ਲਈ ਜਾਣੂ ਕਰਵਾ ਸਕਦਾ ਹੈ। ਪ੍ਰੀਤੀ ਨੇ ਦੱਸਿਆ ਕਿ 'ਦਿ ਜਾਇੰਟ ਸਟੇਟ ਥ੍ਰੈਂਟ ਐਸਸਮੈਂਟ ਟੀਮ' ਸਾਲ 2017 ਵਿੱਚ ਕਾਇਮ ਕੀਤੀ ਗਈ ਸੀ, ਕਿਉਂਕਿ ਰੂਸ ਤੋਂ ਖ਼ਤਰਾ ਵਧ ਰਿਹਾ ਸੀ। ਇਸ ਨੂੰ ਹਾਲੇ ਤੱਕ ਗੁਪਤ ਰੱਖਿਆ ਜਾ ਰਿਹਾ ਸੀ। ਭਾਰਤੀ ਮੂਲ ਦੀ ਮੰਤਰੀ ਨੇ ਕਿਹਾ ਕਿ ਇਸ ਵਕਤ ਇਸ ਨੂੰ ਸਾਹਮਣੇ ਲਿਆਂਦਾ ਜਾ ਰਿਹਾ ਹੈ ਕਿਉਂਕਿ ਸਰਕਾਰ ਚਾਹੁੰਦੀ ਹੈ ਕਿ ਇਹ ਵੱਖ-ਵੱਖ ਸਰਕਾਰੀ ਵਿਭਾਗਾਂ ਨਾਲ ਮਿਲ ਕੇ ਸਰਗਰਮੀ ਨਾਲ ਕਾਰਜ ਕਰੇ। ਪ੍ਰੀਤੀ ਪਟੇਲ ਨੇ ਕਿਹਾ ਕਿ ਮੁਲਕ 'ਦੁਸ਼ਮਣ ਤੋਂ ਗੰਭੀਰ ਤੇ ਅਸਲ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ ਜੋ ਆਪਣੇ ਏਜੰਡੇ ਦੀ ਪੂਰਤੀ ਲਈ ਸਾਡੇ ਮੁਲਕ ਨੂੰ ਅਸਥਿਰ ਕਰ ਕੇ ਹੇਠਾਂ ਸੁੱਟਣਾ ਚਾਹੁੰਦਾ ਹੈ।' ਉਨ੍ਹਾ ਕਿਹਾ ਕਿ ਇਸ ਸੰਗਠਨ ਰਾਹੀਂ ਵੱਡੇ ਖ਼ਤਰਿਆਂ ਨੂੰ ਅਸਲੀ ਮੰਨ ਕੇ ਕੌਮੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਡਾ ਦੇਸ਼ ਠੋਸ ਅਤੇ ਗੁੰਝਲਦਾਰ ਕਦਮ ਚੁੱਕ ਸਕਦਾ ਹੈ। ਇਹ ਸੰਗਠਨ ਯੂ ਕੇ ਨੂੰ ਅੰਦਰੂਨੀ ਤੇ ਵਿਦੇਸ਼ੀ ਖ਼ਤਰੇ ਤੋਂ ਬਚਾਉਣ ਲਈ ਕੰਮ ਕਰ ਰਿਹਾ ਹੈ। ਇਹ ਟੀਮ ਯੂ ਕੇ ਦੀ ਖ਼ੁਫ਼ੀਆ ਏਜੰਸੀ 'ਐਮਆਈ5' ਦੇ ਹੈਡਕੁਆਰਟਰ ਸਥਿਤ ਹੈ। ਇਸ ਯੂਨਿਟ 'ਚ ਇੰਟੈਲੀਜੈਂਸ ਮਾਹਿਰ ਹਨ ਜੋ ਅਗਾਊਂ ਚਿਤਾਵਨੀਆਂ ਜਾਰੀ ਕਰ ਸਕਦੇ ਹਨ।

# ਪੰਜਾਬੀ ਫੂਡ ਸੇਵਾ ਲਈ 770 ਏਐਮ ਦੀ ਟੀਮ ਆਈ ਸਾਹਮਣੇ




ਟੋਰਾਂਟੋ, 19 ਮਾਰਚ (ਪੋਸਟ ਬਿਊਰੋ)- ਕੋਰੋਨਾਵਾਇਰਸ ਦੇ ਪ੍ਰਕੋਪ ਦੇ ਮੱਦੇਨਜ਼ਰ ਜਿਥੇ ਓਂਟਾਰੀਓ ਵਲੋਂ ਐਮਰਜੰਸੀ ਡਿਕਲੇਅਰ ਕੀਤੀ ਗਈ ਹੈ, ਉਥੇ ਹੀ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਲੋਂ ਵੀ ਇਸ ਪ੍ਰਕੋਪ ਨਾਲ ਨਜਿੱਠਣ ਲਈ ਕੰਮ ਕੀਤੇ ਜਾ ਰਹੇ ਹਨ। ਸਿੱਖ ਭਾਈਚਾਰੇ ਦੇ ਵੱਖ-ਵੱਖ ਗੁਰੂਦੁਆਰਾ ਸਾਹਿਬਾਨਾਂ 'ਚ ਲੋੜਵੰਦਾਂ ਲਈ ਲੰਗਰ ਦੀ ਸੇਵਾ ਹੁਣ ਟੇਕ ਆਊਟ ਕਰ ਦਿੱਤੀ ਗਈ ਹੈ। ਐਮਰਜੰਸੀ ਦੇ ਮੱਦੇਨਜ਼ਰ ਕਿਤੇ ਵੀ 50 ਤੋਂ ਵੱਧ ਲੋਕ ਇਕੱਠੇ ਨਹੀਂ ਹੋ ਸਕਦੇ। ਇਸ ਦੇ ਚਲਦੇ ਗਭਗ ਹਰ ਗੁਰੂ ਘਰ 'ਚ ਲੋੜਵੰਦਾਂ ਲਈ ਲੰਗਰ ਦੀ ਸੇਵਾ ਨੂੰ ਚਾਲੂ ਰੱਖਦਿਆਂ ਲੰਗਰ ਦੇ ਬਾਕਸ ਤਿਆਰ ਕੀਤੇ ਗਏ ਹਨ ਤਾਂ ਜੋ ਲੋੜਵੰਦ ਗੁਰੂ ਘਰ ਆਉਣ ਅਤੇ ਲੋੜ ਮੁਤਾਬਿਕ ਆਪਣਾ ਭੋਜਣ ਲੈ ਕੇ ਜਾ ਸਕਣ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਸੰਸਥਾਵਾਂ ਕਮਿਊਨਿਟੀ ਦੀ ਸੇਵਾ ਲਈ ਸਾਹਮਣੇ ਆਈਆ ਹਨ। ਕੁੱਝ ਨੌਜਵਾਨਾਂ ਵਲੋਂ ਰਲ ਕੇ ਲੋੜਵੰਦਾਂ ਦੀ ਮੱਦਦ ਲਈ ਪੰਜਾਬੀ ਫੂਡ ਸੇਵਾ ਗਰੁੱਪ ਤਿਆਰ ਕੀਤਾ ਗਿਆ ਹੈ। ਜੋ ਵੱਖ-ਵੱਖ ਸੰਸਥਾਵਾਂ ਨਾਲ ਰਲ ਕੇ ਕੰਮ ਕਰ ਰਿਹਾ ਹੈ। 770 ਏਐਮ ਤੋਂ ਕੱਲ੍ਹ ਸਾਊਥ ਏਸ਼ੀਅਨ ਵਾਇਸ ਤੋਂ ਕੁਲਵਿੰਦਰ ਛੀਨਾ, ਰੇਡੀਓ ਖ਼ਬਰਸਾਰ ਤੋਂ ਜਗਦੀਸ਼ ਗਰੇਵਾਲ, ਮਹਿਕ ਰੇਡੀਓ ਤੋਂ ਜੁਗਰਾਜ ਸਿੱਧੂ ਤੇ ਜੋਤੀ ਮਾਨ, ਰੌਣਕ ਪੰਜਾਬ ਦੀ ਰੇਡੀਓ ਪ੍ਰੋਗਰਾਮ ਤੋਂ ਸੋਢੀ ਨਾਗਰਾ, ਨਗਾਰਾ ਰੇਡੀਓ ਤੋਂ ਰਣਧੀਰ ਰਾਣਾ, ਚਰਨਜੀਤ ਬਰਾੜ ਅਤੇ ਸਾਜੋ ਆਵਾਜ਼ ਤੋਂ ਆਰਿਫ਼ਾ ਮੁਜ਼ੱਫ਼ਰ, ਮਾਜ਼ਿਦ ਜਮਾਲ, ਸਰਬੱਤ ਕੁਰੈਸ਼ੀ ਅਤੇ ਸਾਜ਼ੀਆ ਵਲੋਂ ਰਲ ਕੇ ਭਾਈਚਾਰੇ ਦੀ ਮੱਦਦ ਲਈ ਪੂਰੀ ਹਿਮਾਇਤ ਦੇਣ ਦਾ ਐਲਾਨ ਕੀਤਾ ਗਿਆ ਹੈ। ਕੋਈ ਵੀ ਲੋੜਵੰਦ 416-302-3600 'ਤੇ ਸੰਪਰਕ ਕਰ ਸਕਦਾ ਹੈ। ਉਸ ਨੂੰ ਮੱਦਦ ਉਸ ਦੇ ਘਰ ਤੱਕ ਪਹੁੰਚਾਈ ਜਾਵੇਗੀ।

## ਹੁਣ ਕਿਰਾਏਦਾਰਾਂ ਨੂੰ ਰਾਹਤ ਦੇਣ ਦੀ ਉੱਠੀ ਮੰਗ

ਟੋਰਾਂਟੋ, 19 ਮਾਰਚ (ਪੋਸਟ ਬਿਊਰੋ) : ਛੇ ਕੈਨੇਡੀਅਨ ਬੈਂਕਾ ਵੱਲੋਂ ਕੋਵਿਡ-19 ਆਊਟਬ੍ਰੇਕ ਦੇ ਮੱਦੇਨਜ਼ਰ ਕੈਨੇਡੀਅਨਾਂ ਦੇ ਸਿਰ ਤੋਂ ਆਰਥਿਕ ਬੋਝ ਘਟਾਉਣ ਲਈ ਮਾਰਗੇਜ ਸਬੰਧੀ ਅਦਾਇਗੀਆਂ ਵਿੱਚ ਛੇ ਮਹੀਨਿਆਂ ਦੀ ਦਿੱਤੀ ਗਈ ਮੋਹਲਤ ਤੋਂ ਇੱਕ ਦਿਨ ਬਾਅਦ ਇਹ ਮਹਿਸੂਸ ਕੀਤਾ ਗਿਆ ਕਿ ਕਿਰਾਏਦਾਰਾਂ ਲਈ ਬੈਂਕਾਂ ਵੱਲੋਂ ਕੋਈ ਰਾਹਤ ਨਹੀਂ ਦਿੱਤੀ ਗਈ।

ਬੈਂਕਾਂ ਨੇ ਬੁੱਧਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਇਸ ਸੰਕਟ ਦੀ ਘੜੀ ਵਿੱਚ ਮਾਰਗੇਜ ਦੀਆਂ ਅਦਾਇਗੀਆਂ ਲਈ ਜੂਝ ਰਹੇ ਮਕਾਨ ਮਾਲਕਾਂ ਨੂੰ ਹੁਣ ਆਪਣੀ ਮਾਰਗੇਜ ਦੀ ਅਦਾਇਗੀ ਦੀ ਚਿੰਤਾ ਛੇ ਮਹੀਨੇ ਤੱਕ ਕਰਨ ਦੀ ਲੋੜ ਨਹੀਂ। ਇਹ ਐਲਾਨ ਉਸੇ ਦਿਨ ਆਇਆ ਸੀ ਜਿਸ ਦਿਨ ਫੈਡਰਲ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ ਉਹ ਕੈਨੇਡੀਅਨਾਂ ਦੀ ਸਿੱਧੀ ਵਿੱਤੀ ਮਦਦ ਲਈ 27 ਬਿਲੀਅਨ ਡਾਲਰ ਖਰਚ ਕਰੇਗੀ ਤੇ 55 ਬਿਲੀਅਨ ਡਾਲਰ ਟੈਕਸਾਂ ਦੇ ਮੁਲਤਵੀ ਹੋਣ ਸਬੰਧੀ ਖਰਚ ਕੀਤੇ ਜਾਣਗੇ। ਇਸ ਆਰਥਿਕ ਹੁਲਾਰੇ ਸਬੰਧੀ ਪੈਕੇਜ ਵਿੱਚ ਵਿਦਿਆਰਥੀਆਂ ਦੇ ਲੋਨ ਦੀ ਅਦਾਇਗੀ ਵਿੱਚ ਆਉਣ ਵਾਲੀ ਖੜ੍ਹੋਤ ਤੇ ਕੈਨੇਡਾ ਚਾਈਲਡ ਬੈਨੇਫਿਟ ਤੋਂ ਇਲਾਵਾ ਹੋਰ ਪੇਸ਼ਕਦਮੀਆਂ ਵੀ ਸ਼ਾਮਲ ਸਨ।

ਐਸੋਸਿਏਸ਼ਨ ਆਫ ਕਮਿਊਨਿਟੀ ਆਰਗੇਨਾਈਜ਼ੇਸ਼ਨਜ਼ ਫੌਰ ਰਿਫੌਰਮ ਨਾਓ (ਐਕੌਰਨ) ਦੀ ਪ੍ਰੈਜ਼ੀਡੈਂਟ ਮਾਰਵਾ ਬਰਨੈਟ ਨੇ ਆਖਿਆ ਕਿ ਇਹ ਯੋਜਨਾ ਚੰਗੀ ਸੁਰੂਆਤ ਹੈ। ਉਨ੍ਹਾਂ ਮੰਗ ਕੀਤੀ ਕਿ ਦੇਸ਼ ਭਰ ਵਿੱਚ ਕਿਰਾਇਆਂ ਉੱਤੇ ਵੀ ਹਾਲ ਦੀ ਘੜੀ ਰੋਕ ਲਾਈ ਜਾਵੇ। ਜਿਹੋ ਜਿਹੀ ਰਾਹਤ ਮਕਾਨ ਮਾਲਕਾਂ ਨੂੰ ਦਿੱਤੀ ਜਾ ਰਹੀ ਹੈ ਉਹੋ ਜਿਹੀ ਰਾਹਤ ਕਿਰਾਏਦਾਰਾਂ ਨੂੰ ਵੀ ਦਿੱਤੀ ਜਾਵੇ। ਉਨ੍ਹਾਂ ਇੱਕ ਇੰਟਰਵਿਊ ਵਿੱਚ ਆਖਿਆ ਕਿ ਇਨ੍ਹਾਂ ਹਾਲਾਤ ਦਾ ਸੱਭ ਤੋਂ ਵੱਧ ਅਸਰ ਕਿਰਾਏਦਾਰਾਂ ਉੱਤੇ ਪਵੇਗਾ, ਜੋ ਕਿ ਕੈਨੇਡਾ ਵਿੱਚ ਘੱਟ ਆਮਦਨ ਵਾਲੇ ਲੋਕ ਹਨ।

ਐਕੌਰਨ ਕੈਨੇਡਾ ਘੱਟ ਤੇ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਲਈ ਕੌਮੀ ਜਥੇਬੰਦੀ ਹੈ ਜਿਸਦੇ 130,000 ਮੈਂਬਰ ਹਨ। ਉਨ੍ਹਾਂ ਵੱਲੋਂ ਸਾਰੇ ਪੇਅਡੇਅ ਤੇ ਇਨਸਟਾਲਮੈਂਟ ਲੋਨਜ਼ ਉੱਤੇ ਵੀ ਰੋਕ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ। ਸਿਰਫ ਐਕੌਰਨ ਵੱਲੋਂ ਹੀ ਨਹੀਂ ਸਗੋਂ ਹੋਰਨਾਂ ਜਥੇਬੰਦੀਆਂ ਵੱਲੋਂ ਵੀ ਇਸੇ ਤਰ੍ਹਾਂ ਦੀ ਮੰਗ ਕੀਤੀ ਜਾ ਰਹੀ ਹੈ। ਇਸ ਦੌਰਾਨ ਇਹ ਉਦਾਹਰਨ ਵੀ ਦਿੱਤੀ ਗਈ ਕਿ ਫਰਾਂਸ ਵਿੱਚ ਵੀ ਘਰੇਲੂ ਕਿਰਾਇਆਂ ਉੱਤੇ ਛੋਟ ਦਿੱਤੀ ਗਈ ਹੈ ਤੇ ਇਸੇ ਤਰਜ਼ ਉੱਤੇ ਕੈਨੇਡਾ ਵਿੱਚ ਕਿਰਾਏਦਾਰਾਂ ਨੂੰ ਛੋਟ ਦਿੱਤੀ ਜਾਵੇ।















# ਜਵਾਨੀ ਦੇ ਅਵੱਲੇ ਜੋਸ਼ ਵਿੱਚ ਹੋਸ਼ ਰੱਖਣਾ ਵੀ ਜ਼ਰੂਰੀ

-ਅਮਰਬੀਰ ਸਿੰਘ ਚੀਮਾ-

ਗੱਲ ਉਮਰ ਦੇ ਉਸ ਦੌਰ ਦੀ ਹੈ, ਜਦੋਂ ਸੋਚ ਉੱਤੇ ਜੋਸ਼ ਹਾਵੀ ਹੁੰਦੇ। ਅੱਲ੍ਹੜ ਜਵਾਨੀ ਦੇ ਉਹ ਦਿਨ, ਜਦੋਂ ਬੰਦਾ ਬੇਧੜਕ, ਬੇਪਰਵਾਹ, ਬੇਖੌਫ਼ ਹੋ ਕੇ ਕਈ ਤਰ੍ਹਾਂ ਦੇ ਪੁੱਠੇ-ਸਿੱਧੇ ਕੰਮ ਕਰਦੈ। ਅੱਲ੍ਹੜ ਜਵਾਨੀ ਦੀ ਉਮਰ ਕੱਚੇ ਕੱਚ ਵਰਗੀ ਹੁੰਦੀ ਹੈ. ਜੇ ਇੱਕ ਵਾਰ ਡੋਰ ਟੁੱਟ ਗਈ ਤਾਂ ਕਦੇ ਨਹੀਂ ਜੁੜਦੀ। ਇਸ ਉਮਰੇ ਜਿਹੜੇ ਕੰਮਾਂ ਦੀ ਮਨਾਹੀ ਹੁੰਦੀ ਹੈ, ਉਹੀ ਕੰਮ ਕਰਨ ਨੂੰ ਦਿਲ ਲੋਚਦੈ। ਜਾਣੇ-ਅਣਜਾਣੇ ਜਾਂ ਗਾਹੇ-ਬਗਾਹੇ ਅਜਿਹੇ ਕਈ ਪੱਠੇ-ਸਿੱਧੇ ਕੰਮ ਕੀਤੇ, ਪਰ ਕੱਚੀ ਉਮਰ ਦੇ ਬਾਵਜੂਦ ਘਰ ਦਿਆਂ ਨੂੰ ਉਲਾਂਭਾ ਦਿਵਾਉਣ ਵਾਲਾ ਕੋਈ ਕੰਮ ਨਹੀਂ ਕੀਤਾ। ਸ਼ਾਇਦ ਇਸੇ ਲਈ ਸਾਡੀਆਂ ਗਲਤੀਆਂ ਨੂੰ ਰੱਬ ਪਾਸੇ ਕਰ ਕੇ ਸਾਨੂੰ ਹਰ ਵਾਰ ਨਵੀਂ ਜ਼ਿੰਦਗੀ ਬਖ਼ਸ਼ਦਾ ਰਿਹਾ।

ਸਾਡੇ ਪਿੰਡ ਦੇ ਬਾਹਰਵਾਰ ਇੱਕ ਪਹੀ ਹੁੰਦੀ ਸੀ, ਅਸੀਂ ਦੋ ਦੋਸਤਾਂ ਨੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਪਣੇ ਚੇਤਕ ਸਕੂਟਰ ਲੈ ਕੇ ਉਥੇ ਚਲੇ ਜਾਣਾ। ਉਸ ਪਹੀ ਉੱਤੇ ਇੱਕ ਉਚਾ ਜਿਹਾ ਸਪੀਡ-ਬਰੇਕਰ ਹੁੰਦਾ ਸੀ, ਜਿਸ ਦੇ ਦੋਹਾਂ ਪਾਸਿਆਂ ਤੋਂ ਵਾਰੀ-ਵਾਰੀ ਆਪਣੇ ਸਕੂਟਰ ਭਜਾ ਕੇ ਲਿਆਉਣੇ। ਸਪੀਡ-ਬਰੇਕਰ ਆਉਣ 'ਤੇ ਤੇਜ਼ ਹੋਣ ਕਾਰਨ ਸਕੂਟਰ 3-4 ਫੁੱਟ ਹਵਾ ਵਿੱਚ ਉਛਲਣਾ ਤਾਂ ਉਪਰ ਹਵਾ 'ਚ ਸਕੂਟਰ ਦੀ ਬਰੇਕ ਦੱਬ ਰੱਖਣੀ। ਕੁਝ ਸਕਿੰਟਾਂ ਪਿੱਛੋਂ ਜਦੋਂ ਸਕੂਟਰ ਧਰਤੀ 'ਤੇ ਲੱਗਣਾ ਤਾਂ ਬਰੇਕ ਦੱਬੀ ਹੋਣ ਕਾਰਨ ਸਕੂਟਰ ਘੁੰਮ ਜਾਂਦਾ ਅਤੇ ਸਾਰੀ ਪਹੀ ਵਿੱਚ ਮਿੱਟੀ ਹੀ ਮਿੱਟੀ ਉੱਡਦੀ ਨਜ਼ਰ ਆਉਂਦੀ। ਦੁਪਹਿਰ ਵੇਲੇ ਘੰਟਾ-ਘੰਟਾ ਇਹੀ ਕੁਝ ਚੱਲਣਾ। ਖੇਤਾਂ 'ਚ ਕੰਮ ਕਰਦੇ ਕਿਸਾਨ ਕੰਮ ਛੱਡ ਕੇ ਸਾਨੂੰ ਦੇਖਦੇ ਤੇ ਕਈ ਗਾਲਾਂ ਵੀ ਕੱਢਦੇ ਕਿ ਇਨ੍ਹਾਂ ਨੂੰ ਮੌਤ 'ਵਾਜਾਂ ਮਾਰਦੀ ਹੈ', ਪਰ ਸਾਨੂੰ ਕੋਈ ਫਰਕ ਨਾ ਪੈਂਦਾ।

ਜਦੋਂ ਲੋਕਾਂ ਕੋਲ ਟਾਵੀਂਆਂ-ਟਾਵੀਂਆਂ ਕਾਰਾਂ ਹੋਣ ਲੱਗੀਆਂ ਤਾਂ ਇੱਕ ਦਿਨ ਪਿਤਾ ਜੀ ਦਾ ਕੋਈ ਜਾਣਕਾਰ ਆਪਣੀ ਮਰੂਤੀ ਕਾਰ 'ਚ ਸਾਡੇ ਘਰ ਆਇਆ। ਉਨ੍ਹਾਂ ਨੂੰ ਚਾਹ-ਪਾਣੀ ਦੇਣ ਵੇਲੇ ਮੇਜ਼ 'ਤੇ ਪਈ ਕਾਰ ਦੀ ਚਾਬੀ ਚੁੱਕ ਕੇ ਬਾਹਰ ਆ ਗਿਆ, ਜਿਥੇ ਇੱਕ ਬੇਲੀ ਤਿਆਰ ਖੜ੍ਹਾ ਸੀ, ਜੋ ਕਾਰ ਚਲਾਉਣੀ ਜਾਣਦਾ ਸੀ। ਕਾਰ ਸਿੱਖਣ ਦੇ ਚਾਅ 'ਚ ਦੋਵੇਂ ਜਣੇ ਗੇੜੀ ਲਾਉਣ ਚਲੇ ਗਏ। ਅੱਗੇ ਇੱਕ ਪਿੰਡ ਦੇ ਕੱਚੇ ਰਸਤੇ 'ਚ ਕਾਰ ਗਾਰੇ 'ਚ ਫਸ ਗਈ, ਮਸਾਂ ਧੱਕਾ-ਧੁੱਕਾ ਲਾ ਕੇ ਕਢਾਈ ਤੇ ਨੇੜਲੇ ਖੇਤਾਂ 'ਚ ਚੱਲਦੀ ਮੋਟਰ ਤੋਂ ਧੋ ਕੇ ਘਰ ਆਏ ਤਾਂ ਪਿਤਾ ਜੀ ਅਤੇ ਉਹ ਸੱਜਣ ਤੋਂ ਕਾਰ ਦੀ ਚਾਬੀ ਫੜ ਕੇ ਚਲਾ ਗਿਆ, ਦੋਸਤ ਵੀ ਖਿਸਕ ਗਿਆ। ਪਿੱਛੋਂ ਪਿਤਾ ਜੀ ਨੇ ਚੰਗੀ ਭੁਗਤ ਸੰਵਾਰੀ, ਪਰ ਇੰਝ ਕਾਰ ਚਲਾਉਣੀ ਸਿੱਖ ਗਿਆ।

ਬਿਦਰ (ਕਰਨਾਟਕ) ਵਿਚਲੇ ਕਾਲਜ ਵਿੱਚ ਰੇਲ ਗੱਡੀ ਵਿੱਚ ਆਉਣ-ਜਾਣ ਸਮੇਂ ਰਸਤੇ ਵਿੱਚ ਜਿੰਨੇ ਵੀ ਸਟੇਸ਼ਨ ਸਨ, ਉਥੇ ਉਤਰਨਾ ਹੀ ਉਤਰਨਾ। ਨਾਗਪੁਰ ਵਿਖੇ ਗੱਡੀ 20-25 ਮਿੰਟ ਰੁਕਦੀ ਸੀ। ਉਥੇ ਕਈ ਮੁੰਡੇ ਹਰ ਵਾਰ ਉਤਰ ਕੇ ਸਟੇਸ਼ਨ ਦੇ ਬਾਹਰੋਂ ਸ਼ਰਾਬ ਜਾਂ ਬੀਅਰ ਫੜ ਲਿਆਉਂਦੇ ਸੀ। ਕਈ ਵਾਰ ਗੱਡੀ ਆਪਣੇ ਸਮੇਂ 'ਤੇ ਚੱਲ ਪੈਂਦੀ ਤਾਂ ਉਹ ਖੱਜਲ-ਖੁਆਰ ਹੁੰਦੇ ਪਿੱਛੋਂ ਕਿਸੇ ਹੋਰ ਗੱਡੀ ਵਿੱਚ ਆਉਂਦੇ। ਸਾਰੇ ਮੁੰਡੇ ਦਿੱਲੀ ਸਟੇਸ਼ਨ 'ਤੇ ਇਕੱਠੇ ਹੋ ਜਾਂਦੇ। ਉਥੋਂ ਗੱਡੀ ਚੱਲਣ ਵਿੱਚ 3-4 ਘੰਟਿਆਂ ਦਾ ਸਮਾਂ ਹੁੰਦਾ, ਇਸ ਲਈ ਕਿਸੇ ਸਾਊ ਜਿਹੇ ਮੁੰਡੇ ਨੂੰ ਸਾਮਾਨ ਕੋਲ ਖੜਾ ਕਰ ਕੇ ਬਾਕੀਆਂ ਨੇ ਬਾਹਰ ਘੁੰਮਣ ਚਲੇ ਜਾਣਾ ਤੇ ਗੱਡੀ ਚੱਲਣ ਮੌਕੇ ਵਾਪਸ ਮੁੜਨਾ।

ਇੱਕ ਵਾਰੀ ਬਿਦਰ ਕਾਲਜ 'ਚ ਵਿਦਿਆਰਥੀਆਂ ਨੇ ਕਿਸੇ ਗੱਲੋਂ ਹੜਤਾਲ ਕਰ ਦਿੱਤੀ ਤੇ ਪ੍ਰਿੰਸੀਪਲ ਦੇ ਦਫ਼ਤਰ ਸਾਹਮਣੇ 'ਪ੍ਰਿੰਸੀਪਲ ਮੁਰਦਾ-ਬਾਦ' ਦੇ ਨਾਅਰੇ ਲਾਉਣ ਲੱਗੇ। ਕੁਝ ਦੇਰ ਬਾਅਦ ਪ੍ਰਿੰਸੀਪਲ ਵੀ ਬਾਹਰ ਆ ਕੇ ਖੜ੍ਹੇ ਹੋ ਗਏ। ਉਨ੍ਹਾਂ ਨੂੰ ਸਾਹਮਣੇ ਦੇਖ ਕੇ ਸਾਰੇ ਮੁੰਡੇ ਹੌਲੀ-ਹੌਲੀ ਖਿਸਕ ਗਏ। ਮੋਹਰੀ ਮੁੰਡੇ ਦੀ ਸਰ ਵੱਲ ਪਿੱਠ ਸੀ, ਇਸ ਲਈ ਉਸ ਨੂੰ ਪ੍ਰਿੰਸੀਪਲ ਦੇ ਆਉਣ ਦਾ ਪਤਾ ਨਾ ਲੱਗਾ ਤੇ ਉਹ ਇਕੱਲਾ ਹੀ ਨਾਅਰੇ ਲਾਉਂਦਾ ਰਿਹਾ। ਆਖ਼ਰ ਪ੍ਰਿੰਸੀਪਲ ਸਰ ਉਸ ਦਾ ਹੱਥ ਫੜ ਕੇ ਖਿੱਚਦੇ ਹੋਏ ਆਪਣੇ ਦਫ਼ਤਰ ਵਿੱਚ ਲੈ ਗਏ। ਅੰਦਰ ਉਸ ਦੇ ਨਾਲ ਕੀ ਬੀਤੀ, ਇਹ ਅੱਜ ਤੱਕ ਕੋਈ ਨਹੀਂ ਜਾਣਦਾ ਪਰ ਉਸ ਤੋਂ ਬਾਅਦ ਕਾਲਜ 'ਚ ਕਦੇ ਹੜਤਾਲ ਨਹੀਂ ਹੋਈ।

ਬਿਦਰ ਗੁਰਦੁਆਰੇ ਹਰ ਰੋਜ਼ ਸੰਗਤ ਨੂੰ ਇਤਿਹਾਸ ਸੁਣਾਇਆ ਜਾਂਦੇ। ਇਸ ਮੌਕੇ ਕੁਝ ਸੀਨੀਅਰ ਮੁੰਡਿਆਂ ਨੇ ਗੁਰਦੁਆਰੇ ਚਲੇ ਜਾਣਾ। ਇੱਕ ਨੂੰ ਗਾਉਣ ਦਾ ਸ਼ੌਕ ਸੀ। ਮੈਨੂੰ ਯਾਦ ਹੈ ਕਿ ਉਸ ਨੇ ਸਮਾਂ ਲੈ ਕੇ 'ਪੱਤਾ-ਪੱਤਾ ਸਿੰਘਾਂ ਦਾ ਵੈਰੀ' ਗੀਤ ਗਾਉਣ ਲੱਗ ਜਾਣਾ ਤੇ ਵਿੱਚੋਂ ਕਿਸੇ ਮੁੰਡੇ ਨੇ ਉਸ ਨੂੰ ਕੁਝ ਰੁਪਏ ਇਨਾਮ ਦੇਣਾ, ਜਿਸ ਦੀ ਦੇਖਾ-ਦੇਖੀ ਹੋਰ ਲੋਕਾਂ ਨੇ ਵੀ ਸਮਰੱਥਾ ਅਨੁਸਾਰ ਪੈਸੇ ਦੇਣੇ। ਉਨ੍ਹਾਂ ਪੈਸਿਆਂ ਨਾਲ ਸਾਰਿਆਂ ਨੇ ਪਾਰਟੀ ਕਰ ਲੈਣੀ। ਉਧਰੋਂ ਬਾਬਾ ਉਨ੍ਹਾਂ ਤੋਂ ਵੀ ਵੱਧ ਸਕੀਮੀ ਸੀ, 5-7 ਦਿਨਾਂ ਬਾਅਦ ਬਾਬੇ ਨੇ ਸਮਾਂ ਦੇਣ ਦੇ ਨਾਲ ਹੀ ਕਹਿ ਦਿੱਤਾ ਕਿ ਇਹ ਮੁੰਡਾ ਬਹੁਤ ਸੋਹਣਾ ਗਾਉਂਦੈ, ਇਸ ਨੂੰ ਜੋ ਵੀ ਮਾਇਆ ਇਨਾਮ ਦੇ ਰੂਪ 'ਚ ਮਿਲਦੀ ਹੈ, ਗੋਲਕ 'ਚ ਹੀ ਦਿੰਦੈ। ਬਸ, ਉਸ ਤੋਂ ਬਾਅਦ ਨਹੀਂ ਉਥੇ ਗਾਇਆ 'ਪੱਤਾ-ਪੱਤਾ ਸਿੰਘਾਂ ਦਾ ਵੈਰੀ'।

ਦਸਹਿਰੇ-ਦੀਵਾਲੀ ਮੌਕੇ ਬਿਦਰ ਵਿੱਚ ਮਹੀਨੇ ਕੁ ਦੀਆਂ ਛੁੱਟੀਆਂ ਹੁੰਦੀਆਂ ਸਨ। ਪੰਜਾਬ ਆ ਕੇ ਇਥੋਂ ਵਾਲੇ 4-5 ਦੋਸਤਾਂ ਨਾਲ ਚਨਾਰਥਲ ਦਸਹਿਰਾ ਦੇਖਣ ਚਲੇ ਗਏ। ਮੇਲੇ ਤੋਂ ਬਾਅਦ ਉਸੇ ਪਿੰਡ ਰਹਿੰਦੇ ਇੱਕ ਹੋਰ ਦੋਸਤ ਦੇ ਘਰ ਚਲੇ ਗਏ। ਅਸਲ 'ਚ ਉਹ ਮੁੰਡਾ ਸਾਡੇ ਇੱਕ ਬੇਲੀ ਦਾ ਮਾਮਾ ਸੀ, ਪਰ ਹਮ-ਉਮਰ ਹੋਣ ਕਾਰਨ ਹੈ ਦੋਸਤ ਹੀ ਸੀ। ਉਥੇ ਬੈਠਿਆਂ ਗੱਲਾਂ ਕਰਦਿਆਂ ਕਿਸੇ ਨੇ ਕਿਹਾ: ਯਾਰ ਸ਼ਿਮਲਾ ਨਹੀਂ ਦੇਖਿਆ ਕਦੇ। ਬਸ ਸ਼ਿਮਲੇ ਜਾਣ ਦੀ ਸਲਾਹ ਬਣ ਗਈ। ਫੇਰ ਕਹਿੰਦੇ, ਯਾਰ ਉਥੇ ਠੰਢ ਹੋਵੇਗੀ, ਕੱਪੜੇ ਤਾਂ ਹੈ ਨਹੀਂ ਤੇ ਨਾ ਹੀ ਬਹੁਤੇ ਪੈਸੇ। ਮਾਮੇ ਨੇ ਆਪਣੀ ਅਲਮਾਰੀ ਖੋਲ੍ਹ ਕੇ ਕੋਟੀਆਂ-ਸਵਾਟਰਾਂ ਨਾਲ ਮੇਰੀ ਮਰੂਤੀ ਕਾਰ ਦੀ ਡਿੱਗੀ ਭਰ ਦਿੱਤੀ। ਕਹਿੰਦਾ, 'ਪੈਸੇ ਵੀ ਹੈਗੇ ਮੇਰੇ ਕੋਲ, ਬਾਅਦ 'ਚ ਮੈਨੂੰ ਹਿੱਸੇ ਦੇ ਹਿਸਾਬ ਨਾਲ ਦੇ ਦਿਓ।' ਸਹਿਮਤੀ ਬਣ ਗਈ ਤੇ ਸਰਹਿੰਦ ਘਰ ਆ ਗਏ, ਪਰ ਘਰ ਦੇ ਮੰਨਣ ਨਾ। ਫੇਰ ਉਹੀ ਮਾਮਾ ਕੰਮ ਆਇਆ। ਘਰੇ ਕਿਹਾ ਕਿ ਇੱਕ ਦੋਸਤ ਦੇ ਮਾਮਾ ਜੀ ਸਾਡੇ ਨਾਲ ਜਾ ਰਹੇ ਹਨ ਤਾਂ ਘਰਦਿਆਂ ਨੂੰ ਤਸੱਲੀ ਹੋਈ ਕਿ ਕੋਈ ਸਿਆਣਾ ਬੰਦਾ ਨਾਲ ਜਾ ਰਿਹੈ। ਕਾਲਕਾ-ਪਿੰਜੌਰ ਪਹੁੰਚਦਿਆਂ ਰਾਤ ਦੇ 11 ਵੱਜ ਗਏ। ਤੜਕੇ ਕਰੀਬ ਤਿੰਨ ਵਜੇ ਪਹੁੰਚ ਕੇ ਪਹਿਲੀ ਵਾਰੀ ਸ਼ਿਮਲਾ ਦੇਖਿਆ। ਵੀਹ ਸਾਲ ਹੋ ਗਏ, ਪਰ ਕਿਸੇ ਨੇ ਮਾਮੇ ਨੂੰ ਖਰਚੇ ਦੇ ਪੈਸੇ ਨਹੀਂ ਦਿੱਤੇ ਤੇ ਨਾ ਹੀ ਕਦੇ ਮਾਮੇ ਨੇ ਮੰਗੇ।

ਇੱਕ ਵਾਰੀ ਬਿਦਰ ਦੀਵਾਲੀ ਮਨਾਉਣ ਦਾ ਸਬੱਬ ਬਣਿਆ। ਹੋਸਟਲ ਦੇ ਬਾਹਰ ਚਾਰ ਢਾਬੇ ਹੁੰਦੇ ਸਨ। ਦੀਵਾਲੀ ਦੀ ਰਾਤ ਢਾਬੇ ਵਾਲਿਆਂ ਲਕਸ਼ਮੀ ਪੂਜਾ ਕੀਤੀ ਤੇ ਰਾਤ ਨੂੰ ਦੁਕਾਨਾਂ ਖੁੱਲ੍ਹੀਆਂ ਛੱਡ ਕੇ ਘਰੇ ਚਲੇ ਗਏ। ਲਕਸ਼ਮੀ ਦਾ ਪਤਾ ਨਹੀਂ ਆਈ ਕਿ ਨਹੀਂ, ਪਰ ਅਸੀਂ ਉਸ ਰਾਤ ਰਸਗੁੱਲੇ, ਗੁਲਾਬ-ਜਾਮਣਾਂ ਖਾ-ਖਾ ਕੇ ਆਪਣੇ ਢਿੱਡ ਅਫਰਾ ਲਏ। ਏਦਾਂ ਹੀ ਪੰਜਾਬ ਵਾਪਸੀ ਸਮੇਂ ਤੜਕੇ ਪੰਜ ਕੁ ਵਜੇ ਆਗਰਾ ਸਟੇਸ਼ਨ ਆਉਂਦਾ ਸੀ, ਯਾਤਰੀ ਅੱਧ-ਸੁੱਤੇ ਜਿਹੇ ਹੀ ਪੇਠਾ ਖਰੀਦ ਕੇ ਆਪਣੇ ਬੈਗਾਂ ਕੋਲ ਰੱਖ ਕੇ ਫਿਰ ਸੌਂ ਜਾਂਦੇ। ਅਸੀਂ ਨਾਲ ਦੀ ਨਾਲ ਉਹ ਪੇਠਾ ਚਟਰ ਕਰ ਕੇ ਆਪ ਵੀ ਸੌਂ ਜਾਂਦੇ।

ਇੱਕ ਵਾਰੀ ਗਰਮੀ ਦੀਆਂ ਛੁੱਟੀਆਂ 'ਚ ਦੋਸਤਾਂ ਨਾਲ ਨੇੜਲੇ ਕਸਬੇ ਬੱਸੀ ਪਠਾਣਾਂ ਵਿਖੇ ਬੈਠੇ ਸੀ। ਅਚਾਨਕ ਕਿਸੇ ਨੇ ਕਿਹਾ ਕਿ ਇਸ ਵਾਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਚੱਲੀਏ। ਬਸ ਸਵੇਰੇ ਹੀ ਜਾਣ ਦੀ ਸਲਾਹ ਬਣਾ ਲਈ। ਘਰ ਇਹ ਦੱਸਿਆ ਕਿ ਇੱਕ ਦੋਸਤ ਦੀ ਭੈਣ ਦੇ ਦਿਓਰ ਦਾ ਵਿਆਹ ਹੈ ਅੰਬਾਲੇ। ਉਥੇ 3-4 ਦਿਨ ਪਹਿਲਾਂ ਜਾਣੈ ਵਿਆਹ ਦਾ ਕੰਮ-ਕਾਰ ਕਰਵਾਉਣ। ਅਸੀਂ ਪੰਜ ਦੋਸਤਾਂ ਨੇ ਤਿੰਨ ਸਕੂਟਰਾਂ 'ਤੇ ਦੂਜੇ ਦਿਨ ਤੜਕੇ ਹੀ ਕੈਮਰਾ, ਵਾਕਮੈਨ ਲੈ ਕੇ ਹੇਮਕੁੰਟ ਸਾਹਿਬ ਨੂੰ ਚਾਲੇ ਪਾ ਦਿੱਤੇ। ਨਾ ਸਕੂਟਰ ਚੱਜ ਨਾਲ ਚਲਾਉਣੇ ਆਉਂਦੇ ਸੀ, ਨਾ ਪਤਾ ਸੀ ਕਿ ਕਿੰਨੇ ਕਿਲੋਮੀਟਰ ਹੈ, ਕਿੰਨੇ ਪੈਸੇ ਚਾਹੀਦੇ ਹਨ ਤੇ ਕਿੰਨੇ ਦਾ ਤੇਲ ਲਗੇਗਾ। ਇੱਕ-ਦੂਜੇ ਸਕੂਟਰ ਨੂੰ ਟੋਚਨ ਲਾ ਕੇ ਜਾਂਦੇ ਰਹੇ ਤਾਂ ਕਿ ਪੈਟਰੋਲ ਦੀ ਕੁਝ ਬੱਚਤ ਹੋ ਸਕੇ। ਹਰਿਦੁਆਰ ਪਹੁੰਚ ਕੇ ਗੰਗਾ ਕਿਨਾਰੇ ਫੋਟੋਆਂ ਖਿੱਚਦਿਆਂ ਸ਼ਾਮ ਪੈ ਗਈ। ਸਾਨੂੰ ਭੁਲੇਖਾ ਸੀ ਕਿ ਹੇਮਕੁੰਟ ਸਾਹਿਬ ਇਥੋਂ 30 ਕੁ ਕਿਲੋਮੀਟਰ ਹੈ, ਆਰਾਮ ਨਾਲ ਚੱਲਾਂਗੇ। ਕਿਸੇ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਰਿਸ਼ੀਕੇਸ਼ ਤੋਂ 300 ਕਿਲੋਮੀਟਰ ਦਾ ਪਹਾੜੀ ਸਫਰ ਤੈਅ ਕਰਕੇ ਆਉਂਦੈ ਹੇਮਕੁੰਟ ਸਾਹਿਬ। ਉਦੋਂ ਨਾ ਏ ਟੀ ਐਮ ਸਨ, ਨਾ ਮੋਬਾਈਲ ਫੋਨ। ਬਜਟ ਘੱਟ ਹੋਣ ਕਾਰਨ ਦੂਜੇ ਦਿਨ ਇੱਕ ਸਕੂਟਰ ਰਿਸ਼ੀਕੇਸ਼ ਖੜ੍ਹਾ ਕੀਤਾ ਅਤੇ ਪੰਜਾਂ ਨੇ ਦੋ ਸਕੂਟਰਾਂ 'ਤੇ ਹੇਮਕੁੰਟ ਸਾਹਿਬ ਦੀ ਯਾਤਰਾ ਕੀਤੀ। ਰਾਹ 'ਚ ਕਈ ਦੁਰਘਟਨਾ ਗ੍ਰਸਤ ਗੱਡੀਆਂ ਖੜ੍ਹੀਆਂ ਦੇਖੀਆਂ, ਪਰ ਸਬਕ ਲੈਣ ਦੀ ਥਾਂ ਉਨ੍ਹਾਂ ਟੁੱਟੀਆਂ ਗੱਡੀਆਂ ਉਪਰ ਚੜ੍ਹ-ਚੜ੍ਹ ਕੇ ਫੋਟੋਆਂ ਖਿਚਾਉਂਦੇ ਰਹੇ। ਜਦੋਂ 7-8 ਦਿਨਾਂ ਬਾਅਦ ਵਾਪਸ ਆ ਕੇ ਘਰਦਿਆਂ ਨੂੰ ਹੇਮਕੁੰਟ ਸਾਹਿਬ ਬਾਰੇ ਦੱਸਿਆ ਤਾਂ ਸਾਡੇ ਨਾਲ ਜੋ ਹੋਇਆ, ਉਹ ਦੱਸਿਆ ਨਹੀਂ ਜਾ ਸਕਦਾ।

ਇੱਕ ਦੋਸਤ ਦੇ ਮੰਗਣੇ ਦੀ ਪਾਰਟੀ 'ਚ ਅਸੀਂ 10-15 ਦੋਸਤ ਫੋਟੋਗ੍ਰਾਫਰ ਨੂੰ ਨਾਲ ਲੈ ਕੇ ਫਲੋਟਿੰਗ ਰੈਸਤਰਾਂ ਚਲੇ ਗਏ। ਖਾ-ਪੀ ਕੇ ਫੋਟੋਆਂ ਖਿੱਚਵਾਉਂਦੇ ਤੇ ਮੂਵੀ ਬਣਾਉਂਦੇ ਫਲੋਟਿੰਗ ਵਾਲੀ ਰੇਲਿੰਗ ਟੱਪ ਕੇ ਉਨ੍ਹਾਂ ਸਿਲੰਡਰਾਂ ਉਤੇ ਖੜ੍ਹੇ ਹੋਏ, ਜਿਨ੍ਹਾਂ 'ਤੇ ਸਾਰਾ ਰੈਸਤਰਾਂ ਤਰਦਾ ਹੈ। ਸ਼ਾਇਦ ਇਹ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਸੀ, ਜਦੋਂ ਮੌਤ ਸਾਥੋਂ ਸਿਰਫ਼ 2-3 ਫੁੱਟ ਦੂਰ ਸੀ। ਉਪਰੋਂ ਕਿਸੇ ਨੂੰ ਤੈਰਨਾ ਵੀ ਨਹੀਂ ਸੀ ਆਉਂਦਾ ਤੇ ਹੇਠਾਂ ਠਾਠਾਂ ਮਾਰਦਾ ਭਾਖੜਾ ਨਹਿਰ ਦਾ ਪਾਣੀ। ਅੱਜਕੱਲ੍ਹ ਜਦੋਂ ਵੀ ਉਥੋਂ ਲੰਘੀਦਾ ਹੈ ਜਾਂ ਜਾਈਦਾ ਹੈ ਤਾਂ ਇਹ ਦ੍ਰਿਸ਼ ਸੋਚ ਕੇ ਸੱਚੀ ਰੂਹ ਕੰਬ ਜਾਂਦੀ ਹੈ। ਇਹ ਕੁਝ ਨਿੱਜੀ ਅਤੇ ਕੁਝ ਨੇੜਲੇ ਯਾਰਾਂ-ਦੋਸਤਾਂ ਦੇ ਖ਼ਤਰਨਾਕ ਤਜਰਬੇ ਸਾਂਝੇ ਕਰਨ ਦਾ ਮਕਸਦ ਇਹੀ ਹੈ ਕਿ ਹਮੇਸ਼ਾ ਜੋਸ਼ ਦੇ ਨਾਲ ਹੋਸ਼ ਕਾਇਮ ਰੱਖਣਾ ਚਾਹੀਦਾ ਹੈ। ਅਸੀਂ ਇਸ ਨੂੰ ਰੱਬ ਦੀ ਸੁਵੱਲੀ ਨਜ਼ਰ ਜਾਂ ਮਿਹਰ ਮੰਨ ਸਕਦੇ ਹਾਂ, ਪਰ ਇਹ ਮਿਹਰ ਕਈ ਵਾਰੀ ਸਾਰਿਆਂ ਨੂੰ ਨਹੀਂ ਮਿਲਦੀ। ਅੱਜ ਉਮਰ ਦੇ 40ਵਿਆਂ 'ਚ ਜਾ ਕੇ ਇਨ੍ਹਾਂ ਗੱਲਾਂ ਬਾਰੇ ਸੋਚਣ 'ਤੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਅਜਿਹੇ ਕੰਮਾਂ ਤੋਂ ਤੌਬਾ ਕਰਕੇ ਅਜੋਕੇ ਨੌਜਵਾਨਾਂ ਨੂੰ ਕੁਝ ਅਜਿਹਾ ਨਾ ਕਰਨ ਦੀ ਬੇਨਤੀ ਕਰਦੇ ਹਾਂ। ਕਈ 900 ਚੂਹਿਆਂ ਵਾਲੀ ਮਿਸਾਲ ਦੇਣਗੇ ਪਰ ਇਹ ਸੱਚਾਈ ਹੈ ਕਿ ਇਹ ਅਨਮੋਲ ਜ਼ਿੰਦਗੀ ਵਾਰ-ਵਾਰ ਨਹੀਂ ਮਿਲਦੀ। ਸ਼ਰਾਰਤਾਂ ਕਰੋ, ਕਿਉਂਕਿ ਸ਼ਰਾਰਤਾਂ ਦੀ ਉਮਰ ਇਹੀ ਹੈ ਪਰ ਧਿਆਨ ਨਾਲ। ਕਿਉਂਕਿ ਤੁਹਾਡੇ ਨਾਲ ਤੁਹਾਡੇ ਮਾਪੇ, ਯਾਰ-ਦੋਸਤ ਤੇ ਰਿਸ਼ਤੇਦਾਰ ਵੀ ਜੁੜੇ ਹਨ। ਅੱਲ੍ਹੜ ਉਮਰੇ ਤੁਰ ਗਈ ਔਲਾਦ ਦਾ ਵਿਛੋੜਾ ਮਾਪਿਆਂ ਲਈ ਅਸਹਿ ਹੁੰਦਾ ਹੈ।

## ਹਲਕਾ ਫੁਲਕਾ



ਮਰੀਜ਼, ''ਡਾਕਟਰ ਸਾਹਿਬ, ਤੁਸੀਂ ਪਰਚੇ ਪਿੱਛੇ ਜਿਹੜੀ ਦਵਾਈ ਲਿਖੀ ਹੈ, ਉਹ ਪੂਰੇ ਸ਼ਹਿਰ ਵਿੱਚ ਕਿਤੇ ਨਹੀਂ ਮਿਲ ਰਹੀ।''

ਡਾਕਟਰ, ''ਓ ਸੁਦਾਈਆ, ਉਹ ਤਾਂ ਮੈਂ ਆਪਣਾ ਪੈੱਨ ਚਲਾ ਕੇ ਚੈੱਕ ਕਰ ਰਿਹਾ ਸੀ।''

*********

ਟੀਚਰ, ''ਦੱਸੋ ਬੱਚਿਓ, ਵਾਸਕੋਡੀਗਾਮਾ ਭਾਰਤ ਕਦੋਂ ਆਇਆ?''

ਬੰਟੀ, ''ਜੀ ਸਰਦੀਆਂ ਵਿੱਚ ਆਇਆ ਸੀ।''

ਟੀਚਰ, ''ਕੀ ਪਾਗਲ ਏਂ? ਕਿਸ ਨੇ ਕਿਹਾ?''

ਬੰਟੀ, ''ਟੀਚਰ ਤਹਾਡੀ ਸਹੁੰ, ਮੈਂ ਬੁੱਕ ਵਿੱਚ ਫੋਟੋ ਦੇਖੀ ਸੀ, ਉਸ ਨੇ ਕੋਟ ਪਾਇਆ ਹੋਇਆ ਸੀ?''

*********

ਵਿਆਹ ਤੋਂ ਬਾਅਦ ਸੋਨਮ ਆਪਣੀ ਸਹੇਲੀ ਨੂੰ ਮਿਲੀ।

ਸਹੇਲੀ, ''ਕੀ ਗੱਲ ਹੈ, ਵਿਆਹ ਤੋਂ ਬਾਅਦ ਪਰੇਸ਼ਾਨ ਜਿਹੀ ਰਹਿਣ ਲੱਗੀ ਏਂ?''

ਸੋਨਮ, ''ਕੀ ਦੱਸਾਂ, ਕੰਮ ਕਰਾਂ ਤਾਂ ਮੇਰਾ ਸਾਹ ਫੁੱਲ ਜਾਂਦਾ ਹੈ ਅਤੇ ਨਾ ਕਰਾਂ ਤਾਂ ਸੱਸ ਫੁੱਲ ਜਾਂਦੀ ਹੈ।''

# ਵੱਢੀਖੋਰਾਂ ਨੇ ਦੇਸ਼ ਦਾ ਕੀਤਾ ਬੇੜਾ ਗਰਕ

-ਸੁਖਰਾਜ ਚਹਿਲ



ਭਾਵੇਂ ਭਾਰਤ 'ਚ ਆਰਥਿਕ ਵਸੀਲੇ ਬਹੁਤ ਹਨ, ਚੰਗਾ ਖੁਸ਼ਗਵਾਰ ਮੌਸਮ, ਉਪਜਾਊ ਧਰਤੀ, ਮਿਹਨਤੀ ਲੋਕ ਹਨ, ਫਿਰ ਵੀ ਦੇਸ਼ ਦਾ ਬਹੁਗਿਣਤੀ ਹਿੱਸਾ ਗੁਰਬਤ ਨਾਲ ਜੂਝ ਰਿਹਾ ਹੈ। ਸਰਕਾਰਾਂ ਬਦਲ ਜਾਂਦੀਆਂ ਹਨ, ਆਮ ਲੋਕਾਂ ਦੀ ਕਿਸਮਤ ਨਹੀਂ ਬਦਲਦੀ। ਲੱਖਾਂ ਲੋਕ ਕੁਪੋਸ਼ਣ, ਭੁੱਖਮਰੀ ਦੇ ਸ਼ਿਕਾਰ ਹਨ ਅਤੇ ਬਿਜਲੀ, ਪਾਣੀ ਅਤੇ ਘਰ ਦੀ ਛੱਤ ਤੋਂ ਬਿਨਾਂ ਜੂਨ ਹੰਢਾ ਰਹੇ ਹਨ। ਬਾਵਜੂਦ ਇਸ ਦੇ ਫਿਰ ਵੀ ਸਾਡੇ ਨੇਤਾ ਦੇਸ਼ 'ਚ ਵਿਕਾਸ ਹੋਣ ਦੇ ਫੋਕੇ ਦਾਅਵੇ ਕਰਦੇ ਰਹਿੰਦੇ ਹਨ। ਅਮੀਰ ਹੋਰ ਅਮੀਰ ਹੋਈ ਜਾਂਦਾ ਹੈ ਅਤੇ ਗਰੀਬ ਹੋਰ ਗਰੀਬ। ਦਰਅਸਲ ਭ੍ਰਿਸ਼ਟਾਚਾਰ/ਰਿਸ਼ਵਤਖੋਰੀ ਨੇ ਸਾਡੇ ਦੇਸ਼ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ ਹੈ।

ਪੁਰਾਣੇ ਸਮਿਆਂ ਵੱਲ ਨਜ਼ਰ ਮਾਰੀਏ ਤਾਂ ਪਹਿਲਾਂ ਵਿਦੇਸ਼ੀਆਂ ਨੇ ਸਾਨੂੰ ਲੁੱਟ ਕੇ ਆਪਣੀਆਂ ਤਿਜੋਰੀਆਂ ਭਰੀਆਂ। ਜਿਥੇ ਅਹਿਮਦ ਸ਼ਾਹ ਅਬਦਾਲੀ, ਸਿਕੰਦਰ, ਮਹਿਮੂਦ ਗਜ਼ਨੀ, ਤੈਮੂਰ ਜੰਗ ਨੇ ਹਿੰਦੁਸਤਾਨ ਨੂੰ ਵਾਰ-ਵਾਰ ਲੁੱਟਿਆ, ਉਥੇ 200 ਸਾਲ ਦੇ ਲਗਭਗ ਗੋਰਿਆਂ ਨੇ ਭਾਰਤ ਦੀ ਕਮਾਈ ਆਪਣੀ ਝੋਲੀ ਪਾਈ। ਸੰਨ 1947 'ਚ ਗੋਰਿਆਂ ਤੋਂ ਦੇਸ਼ ਆਜ਼ਾਦ ਹੋਇਆ ਤਾਂ ਫਿਰ ਸਾਰਿਆਂ ਨੂੰ ਆਸ ਜਾਗੀ ਕਿ ਸ਼ਾਇਦ ਸਾਡੇ ਦਾ ਕੁਝ ਬਣ ਜਾਊ, ਪਰ ਇਹ ਆਸ ਵੀ ਬਸ ਆਸ ਬਣ ਕੇ ਰਹਿ ਗਈ। ਪਹਿਲਾਂ ਅੰਗਰੇਜ਼ ਲੁੱਟਦੇ ਰਹੇ ਅਤੇ ਫਿਰ ਕਾਲੇ ਲੁੱਟਣ ਲੱਗ ਪਏ। ਆਮ ਬੰਦੇ ਦੀਆਂ ਸਮੱਸਿਆਵਾਂ ਦਾ ਪਰਨਾਲਾ ਉਥੇ ਰਹਿ ਗਿਆ। ਜਨਤਾ ਵੱਲੋਂ ਚੁਣੇ ਨੇਤਾਵਾਂ ਨੇ ਹੁਣ ਤੱਕ ਅਨੇਕਾਂ ਘਪਲੇ ਸਾਹਮਣੇ ਆ ਚੁੱਕੇ ਹਨ। ਘੁਟਾਲਿਆਂ ਦੇ ਲਗਾਤਾਰ ਚੱਲਣ ਨਾਲ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ। ਕਦੇ 2-ਜੀ ਸਪੈਕਟ੍ਰਮ ਘੁਟਾਲਾ (1760 ਬਿਲੀਅਨ ਡਾਲਰ), ਕੋਲਾ ਘੁਟਾਲਾ (1860 ਬਿਲੀਅਨ ਡਾਲਰ), ਕਾਮਨਵੈਲਥ ਖੇਡਾਂ ਦਾ ਘੁਟਾਲਾ (700 ਬਿਲੀਅਨ ਡਾਲਰ), ਚਾਰਾ ਘੁਟਾਲਾ ਤੇ ਇਥੋਂ ਤੱਕ ਕਿ ਕਾਰਗਿਲ ਜੰਗ ਦੌਰਾਨ ਸ਼ਹੀਦ ਹੋਏ ਫੌਜੀ ਜਵਾਨਾਂ ਲਈ ਕੱਫਣਾਂ ਅਤੇ ਤਾਬੂਤਾਂ 'ਚ ਵੀ ਘਪਲੇਬਾਜ਼ੀ ਸਾਹਮਣੇ ਆਈ ਸੀ। ਸਵਾਲ ਇਥੇ ਇਹ ਕਿ ਇਹ ਪੈਸੇ ਰੂਪੀ ਮੂੰਹ ਲੱਗੇ ਖੂਨ ਦੇ ਆਦੀ ਬਣੇ ਇਨ੍ਹਾਂ ਨੇਤਾਵਾਂ ਤੇ ਅਫਸਰਸ਼ਾਹੀ ਨੇ ਦੇਸ਼ ਲਈ ਸ਼ਹਾਦਤ ਦੇਣ ਵਾਲਿਆਂ ਨੂੰ ਵੀ ਨਹੀਂ ਬਖਸ਼ਿਆ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੋਟਾਲਾ ਨੂੰ ਅਧਿਆਪਕ ਭਰਤੀ 'ਚ ਕੀਤੇ ਘਪਲੇ ਦੇ ਦੋਸ਼ ਹੇਠ ਸਜ਼ਾ ਹੋਈ। ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸ਼ਾਦ ਯਾਦਵ ਨੂੰ ਚਾਰਾ ਘੁਟਾਲੇ ਦੀ ਸਜ਼ਾ ਹੋਈ। ਫੋਰਬਸ ਦੇ ਸਰਵੇਖਣ ਮੁਤਾਬਕ ਅੰਤਰਰਾਸ਼ਟਰੀ ਸੰਸਥਾ 'ਟਰਾਂਸਪਰੈਂਸੀ ਇੰਟਰਨੈਸ਼ਨਲ' ਨੇ ਆਪਣੇ 18 ਮਹੀਨਿਆਂ ਦੇ ਕੀਤੇ ਸਰਵੇਖਣ 'ਚ ਭਾਰਤ ਨੂੰ ਭ੍ਰਿਸ਼ਟਾਚਾਰ ਦੇ ਮਸਲੇ 'ਚ ਮੂਹਰਲੇ ਪੰਜ ਦੇਸ਼ਾਂ 'ਚ ਸ਼ਾਮਲ ਕੀਤਾ ਸੀ। ਰਿਸ਼ਵਤਖੋਰੀ ਦੀ ਦਰ 69 ਫੀਸਦੀ ਤੱਕ ਪਹੁੰਚਣ ਕਾਰਨ ਭਾਰਤ ਏਸ਼ੀਆ ਦਾ ਸਭ ਤੋਂ ਵਧੇਰੇ ਭ੍ਰਿਸ਼ਟ ਦੇਸ਼ ਬਣ ਗਿਆ ਹੈ।

ਇਸ ਸਰਵੇਖਣ ਮੁਤਾਬਕ 65 ਫੀਸਦੀ ਰਿਸ਼ਵਤਖੋਰੀ ਨਾਲ ਵੀਅਤਨਾਮ ਦੂਸਰੇ ਅਤੇ ਥਾਈਲੈਂਡ 41 ਫੀਸਦੀ ਰਿਸ਼ਵਤਖੋਰੀ ਨਾਲ ਤੀਸਰੇ ਸਥਾਨ 'ਤੇ ਹੈ। ਪਾਕਿਸਤਾਨ 'ਚ ਇਹ ਦਰ 40 ਫੀਸਦੀ ਦਰਜ ਕੀਤੀ ਗਈ, ਜਿਸ ਕਾਰਨ ਉਹ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਚੌਥੇ ਸਥਾਨ 'ਤੇ ਹੈ ਅਤੇ ਮਿਆਂਮਾਰ ਪੰਜਵੇਂ ਸਥਾਨ 'ਤੇ ਸੀ। ਭਾਵੇਂ ਸਾਡੇ ਦੇਸ਼ ਦਾ ਬਾਹਰਲੇ ਮੁਲਕਾਂ ਦੇ ਬੈਂਕਾਂ ਵਿੱਚ ਅਰਬਾਂ ਖਰਬਾਂ ਰੁਪਈਆ ਕਾਲੇ ਧਨ ਵਜੋਂ ਪਿਆ ਹੈ ਅਤੇ ਸਮੇਂ-ਸਮੇਂ ਉਸ ਨੂੰ ਵਾਪਸ ਲਿਆਉਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਪਰ ਇਸ ਨੂੰ ਅਮਲੀ ਰੂਪ ਦੇਣ ਤੋਂ ਪਾਸਾ ਵੱਟ ਲਿਆ ਜਾਂਦਾ ਹੈ। ਕਾਲੇ ਧਨ ਨੂੰ ਸਿਰਫ ਚੋਣ ਮੁੱਦਾ ਬਣਾ ਕੇ ਚੋਣਾਂ ਜਿੱਤੀਆਂ ਗਈਆਂ ਹਨ। ਇਸ ਦੀ ਵਾਪਸੀ ਲਈ ਕੋਈ ਯਤਨ ਨਹੀਂ ਆਰੰਭਿਆ ਗਿਆ। ਜੇ ਇਹ ਕਾਲਾ ਧਨ ਵਾਪਸ ਸਾਡੇ ਦੇਸ਼ 'ਚ ਲਿਆਂਦਾ ਜਾਂਦਾ ਤਾਂ ਭਾਰਤ ਕੰਗਾਲੀ ਤੋਂ ਬਚ ਕੇ ਮੁੜ ਸੋਨੇ ਦੀ ਚਿੜੀ ਬਣ ਸਕਦਾ ਸੀ, ਪਰ ਅਜਿਹਾ ਕਰਨਾ ਸ਼ਾਇਦ ਸਾਡੇ ਦੇਸ਼ ਦੀਆਂ ਸਰਕਾਰਾਂ ਦੇ ਏਜੰਡੇ 'ਤੇ ਨਹੀਂ ਹੈ, ਕਿਉਂਕਿ ਜੇ ਲੋਕ ਗਰੀਬ ਰਹਿਣਗੇ ਤਾਂ ਸਿਆ-ਸਤਦਾਨ ਬਦਲ-ਬਦਲ ਕੇ ਆਪਣੀ ਮਰਜ਼ੀ ਅਨੁਸਾਰ ਸੱਤਾ 'ਤੇ ਕਾਬਜ਼ ਹੁੰਦੇ ਰਹਿਣਗੇ। ਲੋਕ ਮੁੱਢਲੀਆਂ ਸਹੂਲਤਾਂ ਤੋਂ ਵਿਹੂਣੇ ਹਨ। ਪੈਂਤੀ ਕਰੋੜ ਤੋਂ ਵਧੇਰੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਕੇ ਜੀਵਨ ਬਸਰ ਕਰਨ ਲਈ ਮਜਬੂਰ ਹਨ ਅਤੇ 21 ਕਰੋੜ ਤੋਂ ਵਧੇਰੇ ਲੋਕ ਭੁੱਖਮਰੀ ਦੇ ਸਾਏ ਹੇਠ ਹਨ। ਭਾਵੇਂ ਸਾਬਕਾ ਵਿੱਤ ਮੰਤਰੀ ਪ੍ਰਣਾਬ ਮੁਖਰਜੀ ਨੇ 2012 ਵਿੱਚ ਇਕ ਰਿਪੋਰਟ ਪੇਸ਼ ਕੀਤੀ ਸੀ, ਜਿਸ 'ਚ ਦਰਸਾਇਆ ਗਿਆ ਸੀ ਕਿ ਵਿਦੇਸ਼ੀ ਬੈਂਕਾਂ 'ਚ ਦੇਸ਼ ਦਾ ਕੁੱਲ ਕਾਲਾਧਨ 213 ਮਿਲੀਅਨ ਡਾਲਰ ਸੀ। ਪਰ ਇਹ ਅੰਕੜਾ ਵੀ ਜ਼ਮੀਨੀ ਹਕੀਕਤ ਤੋਂ ਦੂਰ ਹੀ ਹੈ।

ਵਿਚਾਰਨ ਯੋਗ ਗੱਲ ਇਹ ਹੈ ਕਿ ਜਿੰਨਾ ਕਾਲਾ ਧਨ ਦਰਸਾਇਆ ਗਿਆ ਸੀ, ਉਸ ਨੂੰ ਵੀ ਵਾਪਸ ਲਿਆਉਣ ਲਈ ਹੀਲੇ ਵਸੀਲੇ ਨਹੀਂ ਕੀਤੇ ਗਏ। ਦੇਸ਼ ਦੀ ਸੱਤਾ 'ਤੇ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਨੇ ਇਸ ਕਾਰਜਕਾਲ ਤੋਂ ਪਹਿਲਾਂ ਚੋਣ ਜਿੱਤਣ ਲਈ ਵਿਦੇਸ਼ਾਂ ਵਿੱਚ ਪਏ ਕਾਲੇ ਧਨ ਨੂੰ 100 ਦਿਨਾਂ 'ਚ ਵਾਪਸ ਲਿਆਉਣ ਦਾ ਮੁੱਦਾ ਬਣਾ ਕੇ ਚੋਣ ਲੜੀ ਸੀ ਅਤੇ ਸ਼ਾਨਦਾਰ ਜਿੱਤ ਵੀ ਪ੍ਰਾਪਤ ਕੀਤੀ ਸੀ। ਪਰ 100 ਦਿਨ ਤਾਂ ਕੀ ਪੂਰਾ ਕਾਰ-ਜਕਾਲ ਨਿਕਲ ਗਿਆ, ਵਿਦੇਸ਼ ਤੋਂ ਕੋਈ ਕਾਲਾ ਧਨ ਨਹੀਂ ਲਿਆਂਦਾ ਗਿਆ। ਜੇ ਵਿਦੇਸ਼ ਤੋਂ ਕਾਲਾ ਧਨ ਵਾਪਸ ਲਿਆਂਦਾ ਜਾਵੇ ਤਾਂ ਦੇਸ਼ ਵਾਸੀਆਂ ਨੂੰ ਸਾਰੀਆਂ ਸੁੱਖ ਸਹੂਲਤਾਂ ਆਸਾਨੀ ਨਾਲ ਦਿੱਤੀਆਂ ਜਾ ਸਕਦੀਆਂ ਹਨ। ਜੇ ਦੇਖਿਆ ਜਾਵੇ ਤਾਂ ਅੱਜ ਵੀ ਦੇਸ਼ 'ਚ ਭ੍ਰਿਸ਼ਟਾਚਾਰ ਸਿਖਰ 'ਤੇ ਹੈ। ਕਿਸੇ ਸਰਕਾਰੀ ਦਫਤਰ 'ਚ ਚਲੇ ਜਾਓ, ਬਹੁਗਿਣਤੀ ਦਫਤਰਾਂ 'ਚ ਬੈਠੇ ਬਾਬੂ ਪੈਸੇ ਲਏ ਬਿਨਾਂ ਆਮ ਜਨਤਾ ਦਾ ਕੰਮ ਨਹੀਂ ਕਰਦੇ। ਵਧੇ ਰਿਸ਼ਵਤਖੋਰੀ ਦੇ ਬੋਲਬਾਲੇ ਨੇ ਲੋਕਾਂ ਦੀ ਖੱਜਲ ਖੁਆਰੀ 'ਚ ਵਧੇਰੇ ਵਾਧਾ ਕਰ ਦਿੱਤਾ ਹੈ।

ਸਮੇਂ ਦੀ ਘਾਟ ਦਾ ਲਾਭ ਲੈਂਦੇ ਹੋਏ ਇਹ ਸਰਕਾਰੀ ਕੁਰਸੀਆਂ 'ਤੇ ਬੈਠੇ ਬਾਬੂ ਆਪਣੀ ਮਰਜ਼ੀ ਨਾਲ ਕੰਮ ਕਰਦੇ ਹਨ ਅਤੇ ਕੰਮ ਕਰਨ ਲਈ ਆਪਣੀ ਜੇਬ ਗਰਮ ਕਰਵਾਉਂਦੇ ਹਨ। ਲੋਕਾਂ 'ਚ ਇਸ ਪੱਕੀ ਧਾਰਨਾ ਬਣ ਗਈ ਹੈ ਕਿ ਸਾਡਾ ਕੰਮ ਰਿਸ਼ਵਤ ਦਿੱਤੇ ਬਗੈਰ ਸ਼ਾਇਦ ਹੀ ਹੋਵੇ ਕਿਉਂਕਿ ਜੇ ਵੱਢੀ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਗੇੜੇ ਮਰਵਾ ਕੇ ਖੱਜਲ ਕੀਤਾ ਜਾਂਦਾ ਹੈ। ਵੈਸੇ ਹਰ ਸਰਕਾਰੀ ਮਹਿਕਮੇ ਦਾ ਇਹੋ ਹਾਲ ਹੈ, ਪਰ ਜਿਨ੍ਹਾਂ ਵਿਭਾਗਾਂ ਵਿੱਚ ਲੋਕਾਂ ਦਾ ਵਧੇਰੇ ਆਉਣਾ ਜਾਣਾ ਰਹਿੰਦਾ ਹੈ ਉਥੇ ਰਿਸ਼ਵਤਖੋਰੀ ਪੂਰੀ ਸਿਰ ਚੜ੍ਹ ਕੇ ਬੋਲਦੀ ਹੈ। ਜੇ ਦੇਖਿਆ ਜਾਵੇ ਤਾਂ ਲੋਕਾਂ ਦੀ ਖੂਨ ਪਸੀਨੇ ਦੀ ਕਰੋੜਾਂ ਰੁਪਏ ਦੀ ਕਮਾਈ ਰਿਸ਼ਵਤਖੋਰੀ ਦੀ ਭੇਟ ਚੜ੍ਹ ਜਾਂਦੀ ਹੈ। ਆਏ ਦਿਨ ਵੱਖ-ਵੱਖ ਥਾਵਾਂ ਤੋਂ ਅਧਿਕਾਰੀਆਂ/ਕਰਮਚਾਰੀਆਂ ਦੇ ਰਿਸ਼ਵਤ ਲੈਂਦਿਆਂ ਦੀਆਂ ਖਬਰਾਂ ਸਾਹਮਣੇ ਆਉਂਦੀਆਂ ਹਨ, ਪਰ ਰਿਸ਼ਵਤਖੋਰੀ ਘਟਣ ਦੀ ਕੌੜੀ ਵੇਲ ਵਾਂਗ ਵਧਦੀ ਜਾ ਰਹੀ ਹੈ। ਰਿਸ਼ਵਤ ਲੈਂਦੇ ਫੜੇ ਗਏ ਸਰਕਾਰੀ ਮੁਲਾਜ਼ਮ 'ਤੇ ਕੁਝ ਧਾਰਾਵਾਂ ਲਾ ਕੇ ਇਕ ਵਾਰ ਸਸਪੈਂਡ ਜ਼ਰੂਰ ਕੀਤਾ ਜਾਂਦਾ ਹੈ, ਪਰ ਕੁਝ ਸਮੇਂ ਬਾਅਦ ਉਹੀ ਵਿਅਕਤੀ ਬਹਾਲ ਹੋ ਕੇ ਫਿਰ ਉਸੇ ਅਸਾਮੀ 'ਤੇ ਨਿਯੁਕਤ ਹੋ ਕੇ ਆਪਣਾ ਪਹਿਲਾਂ ਵਾਲਾ ਕੰਮ ਸ਼ੁਰੂ ਕਰ ਦਿੰਦਾ ਹੈ। ਸਾਹਮਣੇ ਉਹ ਕੇਸ ਆਉਂਦੇ ਹਨ, ਜਿਹੜੇ ਫੜੇ ਜਾਂਦੇ ਹਨ। ਸਰਕਾਰੀ ਵਿਭਾਗਾਂ ਦੇ ਕਈ ਮੁਲਾਜ਼ਮ ਮਹੀਨਾ, ਹਫਤਾ ਵਸੂਲਦੇ ਹਨ। ਭਾਵ ਮਹੀਨੇ ਜਾਂ ਹਫਤੇ ਬਾਅਦ ਰਿਸ਼ਵਤਖੋਰਾਂ ਕੋਲ ਪੈਸੇ ਆਪਣੇ ਆਪ ਪਹੁੰਚ ਜਾਂਦੇ ਹਨ। ਨੈਸ਼ਨਲ ਕੌਂਸਲ ਆਪ ਅਪਲਾਈਡ ਇਕਨ-ਾਮਿਕ ਵੱਲੋਂ ਕੀਤੇ ਗਏ ਸਰਵੇ ਮੁਤਾਬਕ ਹਰੇਕ ਪੇਂਡੂ ਪਰਵਾਰ 2900 ਰੁਪਏ ਅਤੇ ਸ਼ਹਿਰੀ ਪਰਵਾਰ 4400 ਰੁਪਏ ਸਾਲਾਨਾ ਰਿਸ਼ਵਤ ਵਜੋਂ ਦਿੰਦਾ ਹੈ।

ਜੇ ਸਰਕਾਰਾਂ ਚਾਹੁਣ ਤਾਂ ਇਸ ਭ੍ਰਿਸ਼ਟਾਚਾਰ/ ਰਿਸ਼ਵਤਖੋਰੀ ਨੂੰ ਪਲਾਂ 'ਚ ਬੰਦ ਕਰਵਾ ਸਕਦੀਆਂ ਹਨ, ਪਰ ਇਹ ਹੋਣਾ ਨਾਮੁਮਕਿਨ ਹੀ ਜਾਪਦਾ ਹੈ ਕਿਉਂਕਿ ਜੇ ਉਹ ਸਾਫ ਨੀਅਤ ਨਾਲ ਸਰਕਾਰ ਚਲਾਉਣ ਤਾਂ ਲੰਘੇ ਵੇਲਿਆਂ 'ਚ ਜੋ ਨੇਤਾ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਉਹ ਅਜਿਹੇ ਦੋਸ਼ਾਂ 'ਚ ਕਦੇ ਨਾ ਘਿਰਦੇ। ਇਸ ਦੇ ਹੱਲ ਲਈ ਲੋਕਪਾਲ ਬਿੱਲ ਲਾਗੂ ਕੀਤਾ ਜਾਵੇ, ਪ੍ਰਸ਼ਾਸਕੀ ਮਸਲਿਆਂ 'ਚ ਜਨਤਾ ਨੂੰ ਸ਼ਾਮਲ ਕੀਤਾ ਜਾਵੇ, ਸਰਕਾਰਾਂ ਭ੍ਰਿਸ਼ਟਾਚਾਰ ਖਿਲਾਫ ਬਣਾਏ ਕਾਨੂੰਨਾਂ ਨੂੰ ਅਮਲੀਜਾਮਾ ਪਹਿਨਾਉਣ। ਜਿਹੜਾ ਕੋਈ ਸਰਕਾਰੀ ਅਧਿਕਾਰੀ/ਕਰਮਚਾਰੀ ਇਸ ਤਰ੍ਹਾਂ ਫੜਿਆ ਜਾਂਦਾ ਹੈ, ਉਸ ਨੂੰ ਸਿੱਧੇ ਤੌਰ 'ਤੇ ਨੌਕਰੀ ਤੋਂ ਕੱਢਿਆ ਜਾਵੇ ਕਿਉਂਕਿ ਅੱਜ ਜੇ ਇਕ ਬੰਦਾ ਕਿਸੇ ਨੌਕਰੀ ਤੋਂ ਹਟਦਾ ਹੈ ਤਾਂ ਉਸ ਤੋਂ ਵੀ ਘੱਟ ਤਨਖਾਹ 'ਤੇ ਲੱਗਣ ਲਈ ਵੱਡੀ ਗਿਣਤੀ 'ਚ ਲੋਕ ਕਤਾਰਾਂ 'ਚ ਲੱਗੇ ਆਸਾਨੀ ਨਾਲ ਮਿਲ ਸਕਦੇ ਹਨ। ਇਸ ਤੋਂ ਇਲਾਵਾ ਸਰਕਾਰੀ ਵਿਭਾਗਾਂ 'ਚ ਕੰਮ ਕਰਦੇ ਮੁਲਾਜ਼ਮਾਂ ਦੇ ਪਰਵਾਰਾਂ ਨੂੰ ਚਾਹੀਦਾ ਹੈ ਉਹ ਹਮੇਸ਼ਾ ਰਿਸ਼ਵਤਖੋਰੀ ਦੇ ਵਿਰੋਧ 'ਚ ਭੁਗਤਣ। ਜੇ ਕਦੇ ਉਨ੍ਹਾਂ ਨੂੰ ਲੱਗੇ ਕਿ ਸਾਡੇ ਪਰਵਾਰ ਦਾ ਕੋਈ ਮੈਂਬਰ ਰਿਸ਼ਵਤ ਲੈਂਦਾ ਹੈ ਤਾਂ ਡਟ ਕੇ ਵਿਰੋਧ ਕਰਨ ਅਤੇ ਸਬੰਧਤ ਪਰਵਾਰਕ ਮੈਂਬਰ ਦਾ ਬਾਈਕਾਟ ਕੀਤਾ ਜਾਵੇ। ਰਿਸ਼ਵਤਖੋਰੀ ਨੂੰ ਨੱਥ ਪਾਉਣ ਲਈ ਲੋਕਾਂ ਨੂੰ ਵੀ ਆਪਣੀ ਸੋਚ ਬਦਲਣੀ ਪਵੇਗੀ। ਅਸੀਂ ਹੀ ਸਰਕਾਰੀ ਮੁਲਾਜ਼ਮਾਂ ਨੂੰ ਵੱਢੀਖੋਰ ਬਣਾਉਂਦੇ ਹਾਂ।






# ਗੁਰਦੁਆਰਾ ਭਾਈ ਬਹਿਲੋਲ, ਕਾਦੀਵਿੰਡ, ਕਸੂਰ



ਕਾਦੀਵਿੰਡ ਤਹਿਸੀਲ ਥਾਣਾ ਕਸੂਰ ਵਿੱਚ ਹੈ । ਸਟੀਲ ਬਾਗ, ਜ਼ਿਲਾ ਹਸਪਤਾਲ ਕਸੂਰ ਤੋਂ ਇੱਕ ਪੱਕੀ ਸੜਕ ਇਸ ਪਿੰਡ ਨੂੰ ਜਾਂਦੀ ਹੈ । ਇੱਥੇ ਜਾਣ ਵਾਸਤੇ ਦਾਗੇ ਆਮ ਮਿਲ ਜਾਂਦੇ ਹਨ । ਪਿੰਡ ਤੋਂ ਬਾਹਰ ਗੁਰੂ ਅਮਰਦਾਸ ਜੀ ਦਾ ਪਾਵਨ ਅਸਥਾਨ ਤੁਰਗੇ ਦੀ ਜੂਹ ਵਿੱਚ ਹੈ । ਜਦ ਸਤਿਗੁਰੂ ਜੀ ਇੱਥੇ ਠਹਿਰੇ ਹੋਏ ਸਨ ਤਦੋ ਦੀਵਾਨ ਚੰਦ ਦਿੱਲੀ ਵਾਲੇ ਨੇ ਆ ਕੇ ਬੇਨਤੀ ਕੀਤੀ ਕਿ ਪਾਤਿਸ਼ਾਹ, ਮੇਰੇ ਧਨ ਨਾਲ ਕੋਈ ਯਾਦਗਾਰ ਕਾਇਮ ਕਰਵਾ ਦਿਓ ਤਾਂ ਕਿ ਇਸ ਦੁਨੀਆ ਵਿੱਚ ਮੇਰਾ ਨਾ ਬਣਿਆ ਰਹੇ। ਉਸ ਦੀ ਭਾਵਨਾ ਅਨੁਸਾਰ ਗੁਰੂ ਜੀ ਨੇ ਇੱਕ ਤਲਾਬ ਅਤੇ ਨੇੜੇ ਪੱਕੇ ਰਿਹਾਇਸ਼ੀ ਮਕਾਨ ਬਣਵਾਏ । ਇਹ ਜ਼ਮੀਨ ਦੋ ਸੌ ਵਿੱਘੇ ਭਾਈ ਬਹਿਲੋਲ ਕਾਦੀਵਿੰਡ ਵਾਲੇ ਦੀ ਸੀ ਜੋ ਉਸਨੇ ਸਾਰੀ ਗੁਰੂ ਜੀ ਨੂੰ ਅਰਪਣ ਕਰ ਦਿੱਤੀ । ਬਾਅਦ ਵਿੱਚ ਇੱਥੇ ਹੀ ਭਾਈ ਬਹਿਲੋਲ ਦੀ ਸਮਾਧ ਬਣਵਾਈ ਗਈ । ਸ਼ਰਾਧਾ ਦੀ ਸੱਤਵੀ ਨੂੰ ਮੇਲਾ ਹੁੰਦਾ ਸੀ । ਗੁਰੂ ਜੀ ਵੱਲੋਂ ਬਣਵਾਇਆ ਤਲਾਬ ਛੱਪੜ ਹੋ ਚੁੱਕਿਆ ਹੈ। ਭਾਈ ਜੀ ਦੀ ਸਮਾਧ ਅਖੀਰੀ ਦਮਾ ਉੱਤੇ ਖਲੋਤੀ ਹੈ । ਗੁਰਦੁਆਰਾ ਸਾਹਿਬ ਦੇ ਕਮਰਿਆਂ ਵਿੱਚ ਗੌਰਮਿੰਟ ਦਾ ਸਕੂਲ ਹੈ । ਜ਼ਮੀਨ ਵਕਫ ਬੋਰਡ ਦੇ ਕਬਜ਼ੇ ਵਿੱਚ ਹੈ । ਪੰਜਾਬੀ ਸਾਹਿਤ ਦੇ ਪ੍ਰਸਿੱਧ ਲਿਖਾਰੀ ਬਾਬਾ ਸੋਹਣ ਸਿੰਘ ਸੀਤਲ ਇਸੇ ਹੀ ਪਿੰਡ ਦੇ ਰਹਿਣ ਵਾਲੇ ਹਨ । ਉਹਨਾ ਦਾ ਬਾਗ ਅਤੇ ਘਰ ਅਜੇ ਵੀ ਮੌਜੂਦ ਹੈ । ਇਹ ਦੋਵੇ ਮੇਵਾਤ ਦੇ ਸ਼ਰਨਾਰਥੀਆ ਪਾਸ ਹਨ ।

# ਜੇ ਤੁਸੀਂ ਆਪਣਾ ਸਮਝਦੇ ਹੋ ਤਾਂ...

-ਲਾਲ ਚੰਦ ਸਿਰਸੀਵਾਲਾ

ਸਾਡੇ ਗੁਆਂਢ ਇਕ ਜੋੜਾ ਕਿਰਾਏ 'ਤੇ ਰਹਿੰਦਾ ਸੀ। ਉਨ੍ਹਾਂ ਦਾ ਗਲੀ ਗੁਆਂਢ ਅਤੇ ਮਕਾਨ ਮਾਲਕਾਂ ਨਾਲ ਵਧੀਆ ਪਿਆਰ ਸੀ। ਸ਼ੁਰੂ ਵਿੱਚ ਉਹ ਕਦੇ ਉੱਚੀ ਬੋਲਦੇ ਵੀ ਨਹੀਂ ਸਨ ਸੁਣੇ, ਪਰ ਸਾਲ ਕੁ ਬਾਅਦ ਕਦੇ-ਕਦੇ ਪਤੀ ਪਤਨੀ ਨੂੰ ਨਾਰਾਜ਼ਗੀ 'ਚ ਬੋਲਦੇ ਸੁਣਿਆ ਅਤੇ ਫਿਰ ਉਨ੍ਹਾਂ ਦਾ ਆਪਸੀ ਕਲੇਸ਼ ਵਧਣ ਲੱਗ ਪਿਆ। ਵਧੀਆ ਸੁਭਾਅ ਦੇ ਹੋਣ, ਕਿਸੇ ਬਾਰੇ ਮਾੜਾ ਚੰਗਾ ਨਾ ਕਹਿਣ ਅਤੇ ਦੁੱਖ ਤਕਲੀਫ ਵਿੱਚ ਸ਼ਾਮਲ ਹੋਣ ਕਾਰਨ ਉਨ੍ਹਾਂ ਦੇ ਕਲੇਸ਼ ਦਾ ਮਕਾਨ ਮਾਲਕ ਨੂੰ ਬਹੁਤ ਦੁੱਖ ਲੱਗਾ। ਇਕੱਠੇ ਸੈਰ 'ਤੇ ਜਾਣ ਸਮੇਂ ਉਹ ਮੇਰੇ ਨਾਲ ਗੱਲ ਸਾਂਝੀ ਕਰਦੇ ਤੇ ਕਲੇਸ਼ ਦਾ ਕੋਈ ਵੱਡਾ ਕਾਰਨ ਸਮਝ ਨਾ ਆਉਂਦਾ। ਇੱਕ ਦਿਨ ਹੱਦ ਹੋ ਗਈ, ਕਿਰ-ਏਦਾਰ ਆਦਮੀ ਦੀ ਪਤਨੀ ਸੂਟਕੇਸ ਤੇ ਬੱਚੇ ਚੁੱਕ ਕੇ ਆਪਣੇ ਪੇਕੀਂ ਜਾਣ ਦੀ ਤਿਆਰੀ ਕਰਨ ਲੱਗ ਪਈ। ਅਸੀਂ ਚਾਹੁੰਦੇ ਸਾਂ ਕਿ ਇੰਝ ਨਾ ਹੋਵੇ ਤੇ ਦੋਵਾਂ ਨੂੰ ਬਿਠਾ ਕੇ ਸਮਝਾ ਦਿੱਤਾ ਜਾਵੇ।

ਮਕਾਨ ਮਾਲਕ ਦੇ ਮਾਤਾ ਜੀ ਘਰ ਵਿੱਚ ਵੱਡੇ ਸਨ। ਲਾਣੇ ਵਿੱਚ ਕੱਟਣ ਕਰ ਕੇ ਉਹ ਜੋੜਾ ਵੀ ਮਾਤਾ ਦਾ ਬਹੁਤ ਸਤਿਕਾਰ ਕਰਦਾ ਸੀ। ਅਸੀਂ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਇਨ੍ਹਾਂ ਦੇ ਕਲੇਸ਼ ਦਾ ਕਾਰਨ ਜਾਣ ਕੇ ਦੱਸੋ, ਤਾਂ ਕਿ ਅਸੀਂ ਇਸ ਪਰਵਾਰ ਨੂੰ ਟੁੱਟਣ ਤੋਂ ਬਚਾ ਸਕੀਏ। ਮਾਤਾ ਜੀ ਨੇ ਉਸ ਦੀ ਪਤਨੀ ਨੂੰ ਇਹ ਕਹਿ ਕੇ ਜਾਣ ਤੋਂ ਰੋਕ ਦਿੱਤਾ ਕਿ ਜਦੋਂ ਗੱਲ ਘਰ ਦਿਆਂ ਕੋਲ ਚਲੀ ਜਾਵੇ ਤਾਂ ਕਲੇਸ਼ ਵਧ ਜਾਂਦਾ ਹੈ। ਤੂੰ ਪੇਕੇ ਨਹੀਂ ਜਾਣਾ, ਮੁੰਡੇ ਨਾਲ ਮੈਂ ਗੱਲ ਕਰਾਂਗੀ, ਪਰ ਇਹ ਦੱਸ ਕਿ ਤੇਰੇ ਮੁਤਾਬਕ ਤੁਹਾਡਾ ਝਗੜਾ ਕਿਉਂ ਹੁੰਦਾ ਹੈ? ਗੱਲ ਲੁਕੋਣੀ ਨਹੀਂ ਜਿਸ ਕਿਸੇ ਦਾ ਵੀ ਕਸੂਰ ਹੋਵੇ, ਇਮਾਨਦਾਰੀ ਨਾਲ ਦੱਸਣਾ। ਬਿਨਾਂ ਕਾਰਨ ਇੱਕ-ਦੂਜੇ ਨੂੰ ਕਸੂਰਵਾਰ ਨਹੀਂ ਕਹਿਣਾ, ਕਿਉਂਕਿ ਗਲਤੀ ਨੂੰ ਮੰਨ ਕੇ ਸੁਧਾਰ ਕਰਨ ਵਾਲੇ ਘਰ ਹੀ ਟੁੱਟਣ ਤੋਂ ਬਚਦੇ ਹਨ।

ਮਾਤਾ ਕੋਲ ਪੀੜ੍ਹੀ ਉੱਤੇ ਬੈਠਦਿਆਂ ਕਲੇਸ਼ ਦੇ ਜੋ ਕਾਰਨ ਦੱਸੇ, ਉਹ ਬੜੇ ਹੀ ਮਾਮੂਲੀ ਸਨ। ਡਿਊਟੀ ਉਤੇ ਜਾਣ ਸਮੇਂ ਛੋਟੀਆਂ ਚੀਜ਼ਾਂ ਫਿਫਟੀ, ਰੁਮਾਲ, ਜੁਰਾਬਾਂ ਆਦਿ ਨਾ ਮਿਲਣੀਆਂ, ਰਿਸ਼ਤੇਦਾਰੀ ਵਿੱਚ ਜਾਣ-ਆਉਣ ਸਮੇਂ ਤਿਆਰੀ ਨਾਲ ਸਾਮਾਨ ਨਾ ਸਾਂਭਣਾ ਅਤੇ ਵਾਰ-ਵਾਰ ਇੱਕੋ ਤਰ੍ਹਾਂ ਦੀ ਦਾਲ ਸਬਜ਼ੀ ਦਾ ਬਣਨਾ ਮੁੱਖ ਕਾਰਨ ਸਨ। ਫਿਰ ਮਾਤਾ ਜੀ ਨੇ ਉਸ ਦੇ ਪਤੀ ਨੂੰ ਵੀ ਪੁੱਛਿਆ। ਉਸ ਕੋਲ ਵੀ ਇਹੋ ਸ਼ਿਕਾਇਤਾਂ ਸਨ। ਮਾਤਾ ਨੇ ਝਗੜੇ ਦੇ ਕਾਰਨ ਸਾਨੂੰ ਦੱਸੇ। ਜਦੋਂ ਕਿਸੇ ਸਮੱਸਿਆ ਦੇ ਕਾਰਨ ਪਤਾ ਲੱਗ ਜਾਣ ਤਾਂ ਹੱਲ ਹੋਣੀ ਸੁਖਾਲੀ ਹੋ ਜਾਂਦੀ ਹੈ।

ਉਨ੍ਹਾਂ ਦਿਨਾਂ 'ਚ ਮੇਰੇ ਬੱਚੇ ਗਏ ਹੋਣ ਕਰ ਕੇ ਮੈਂ ਪ੍ਰੋਫੈਸਰ ਨਰਿੰਦਰ ਸਿੰਘ ਕਪੂਰ ਦੀ ਕਿਤਾਬ 'ਮਾਲਾ-ਮਣਕੇ' ਪੜ੍ਹ ਰਿਹਾ ਸੀ। ਉਸ ਵਿੱਚ ਇਹ ਲਾਈਨਾਂ ਪੜ੍ਹੀਆਂ ਕਿ 'ਹਰ ਇੱਕ ਚੀਜ਼ ਦੀ ਥਾਂ ਹੋਣੀ ਚਾਹੀਦੀ ਹੈ ਤੇ ਹਰ ਇੱਕ ਚੀਜ਼ ਆਪਣੀ ਥਾਂ ਉੱਤੇ ਹੋਣੀ ਚਾਹੀਦੀ ਹੈ। ਜਾਣ-ਆਉਣ ਸਮੇਂ ਸਾਮਾਨ ਪਹਿਲਾਂ ਤਿਆਰ ਕਰ ਕੇ ਰੱਖ ਲੈਣਾ ਚਾਹੀਦਾ ਹੈ।' ਸ਼ਾਮ ਨੂੰ ਘਰ ਵਰਗਾ ਖਾਣਾ-ਖਾਣ ਦੀ ਚਾਹਤ ਨਾਲ ਪੀ ਜੀ ਵਾਲਿਆਂ ਦਾ ਖਾਣਾ ਬਣਾਉਣ ਵਾਲੇ ਹੋਟਲ 'ਤੇ ਚਲਾ ਗਿਆ। ਓਥੇ ਕੰਧ 'ਤੇ ਵੇਖਿਆ ਤਾਂ ਪੂਰੇ ਹਫਤੇ ਦਾ ਵੱਖੋ-ਵੱਖਰੀਆਂ ਦਾਲਾਂ-ਸਬਜ਼ੀਆਂ ਦਾ ਮੀਨੂੰ ਲੱਗਾ ਹੋਇਆ ਸੀ। ਉਸ ਜੋੜੇ ਦਾ ਕਲੇਸ਼ ਇਸ ਦੇ ਬਾਅਦ ਹੱਲ ਹੋ ਜਾਵੇਗਾ, ਇਸ ਆਸ ਨਾਲ ਉਨ੍ਹਾਂ ਦੇ ਮਕਾਨ ਮਾਲਕ ਤੇ ਮਾਤਾ ਕੋਲ ਜਾ ਕੇ ਗੱਲ ਸਾਂਝੀ ਕੀਤੀ। ਅਗਲੀ ਸਵੇਰ ਮਾਤਾ ਨੇ ਗੁਰਦੁਆਰਾ ਸਾਹਿਬ ਤੋਂ ਆਉਂਦਿਆਂ ਸਵੇਰ ਦੀ ਚਾਹ ਉਨ੍ਹਾਂ ਕੋਲ ਪੀਣ ਦਾ ਪ੍ਰੋਗਰਾਮ ਬਣਾ ਲਿਆ ਅਤੇ ਸਾਨੂੰ ਵੀ ਸਮੇਂ ਸਿਰ ਪਹੁੰਚਣ ਵਾਸਤੇ ਤਾਕੀਦ ਕੀਤੀ।

ਬਿਨਾਂ ਸਮਾਂ ਗਵਾਏ ਬੈਠਦਿਆਂ ਹੀ ਮਾਤਾ ਨੇ ਸਾਦਗੀ ਨਾਲ ਜੋ ਸ਼ਬਦ ਆਖੇ, ਉਹ ਝੰਜੋੜਨ ਵਾਲੇ ਸਨ, 'ਬੱਚਿਓ ਜੇ ਤੁਸੀਂ ਸਾਨੂੰ ਆਪਣੇ ਸਮਝਦੇ ਹੋ ਤਾਂ ਗੱਲ ਸ਼ੁਰੂ ਕਰੀਏ। ਨਹੀਂ ਭਾਈ, ਤੁਸੀਂ ਆਪੇ ਘਰੇ ਰਾਜ਼ੀ ਤੇ ਅਸੀਂ ਆਪਣੇ...।' 'ਨਹੀਂ ਬੇਬੇ, ਤੁਸੀਂ ਕਹੋ। ਤੁਹਾਡੇ ਬਿਨਾਂ ਇਥੇ ਸਾਡਾ ਹੋਰ ਕੌਣ ਹੈ।'

ਇਹ ਸੁਣਦੇ ਹੀ ਬੇਬੇ ਨੇ ਗੱਲ ਅੱਗੇ ਸ਼ੁਰੂ ਕੀਤੀ, 'ਤੁਹਾਡੇ ਸੁਭਾਅ ਤੇ ਮਿਲਵਰਤਣ ਨੂੰ ਵੇਖਦਿਆਂ ਸਾਨੂੰ ਲੱਗਾ ਕਿ ਅਸੀਂ ਤੁਹਾਡੇ ਝਗੜੇ 'ਚ ਦਖਲ ਦੇਈਏ। ਸੁਣ ਕੁੜੀਏ, ਸਾਰਾ ਘਰ ਨੌਕਰੀ ਦੇ ਸਿਰ 'ਤੇ ਚੱਲਦੈ। ਆਰਾਮ ਕਰਨ ਦਾ ਅੱਧਾ ਘੰਟਾ ਘਟਾ ਕੇ ਪਹਿਲਾਂ ਮੁੰਡੇ ਦਾ ਸਾਮਾਨ ਇੱਕ ਥਾਂ ਰੱਖ ਦਿਆ ਕਰ। ਚੱਕ ਭਾਈ ਤੂੰ ਆਪੇ ਲਿਆ ਕਰ। ਜਦੋਂ ਕਿਤੇ ਜਾਣਾ ਹੋਵੇ, ਸਾਮਾਨ ਇੱਕ ਦਿਨ ਪਹਿਲਾਂ ਝੋਲੇ ਵਿੱਚ ਪਾਇਆ ਕਰ। ਅਸੀਂ ਕਈ-ਕਈ ਡੰਗ ਚੱਟਣੀ ਨਾਲ ਵੀ ਗੁਜ਼ਾਰਾ ਕੀਤੈ। ਜੁਆਕਾਂ ਨੂੰ ਸੰਭਾਲਦਿਆਂ ਜੇ ਕਿਤੇ ਦਾਲ-ਸਬਜ਼ੀ ਨ ਬਣੀ, ਕੋਈ ਗੱਲ ਨਹੀਂ। 'ਕੀ ਖਾਧੇ ਦਾ ਖਾਣਾ।' ਬਾਕੀ ਕੁੜੀਏ ਆਹ ਮੁੰਡਿਆਂ ਤੋਂ ਕਾਗਤ ਫੜ ਲੈ। ਜੇ ਨਾ ਅਹੁੜੇ ਤਾਂ ਪੜ੍ਹ ਕੇ ਇਨ੍ਹਾਂ 'ਚੋਂ ਬਣਾ ਦਿਆ ਕਰ। ਜੇ ਹਾਲੇ ਵੀ ਲੜੇ ਤਾਂ ਆਹ ਖੂੰਡੀ ਦੇਖ ਲੋ।; ਬੇਬੇ ਨੇ ਆਪਣਾਪਣ ਜ਼ਾਹਰ ਕਰ ਦਿੱਤਾ ਸੀ।

ਕਿਤਾਬਾਂ ਦਾ ਗਿਆਨ ਤੇ ਸਿਆਣਿਆਂ ਦਾ ਤਜਰਬਾ ਲਾਗੂ ਹੋਣ ਕਰ ਕੇ ਉਸ ਘਰ 'ਚੋਂ ਹਾਸੇ ਸੁਣਾਈ ਦਿੰਦੇ ਹਨ।

# ਉਹ ਲਾਟਰੀ ਕਿਵੇਂ ਨਿਕਲੇਗੀ ਜਿਹੜੀ ਕਦੇ ਪਾਈ ਹੀ ਨਹੀਂ

-ਮਨਦੀਪ ਖੁਰਮੀ

ਮਨੁੱਖੀ ਫਿਤਰਤ ਹੈ ਕਿ ਕਈ ਵਾਰ ਉਨ੍ਹਾਂ ਚੀਜ਼ਾਂ ਦੇ ਗੱਫੇ ਵੀ ਲੋੜਦਾ ਹੈ, ਜਿਨ੍ਹਾਂ 'ਤੇ ਉਸ ਦਾ ਉਕਾ ਹੀ ਹੱਕ ਨਹੀਂ ਹੁੰਦਾ, ਪਰ ਅਜਿਹੀ ਲਾਲਸਾ ਕਈ ਵਾਰ ਖੁਦ ਲਈ ਪ੍ਰੇਸ਼ਾਨੀਆਂ ਦਾ ਸਬੱਬ ਬਣ ਜਾਂਦੀ ਹੈ। ਮਨੁੱਖੀ ਲਾਲਚੀ ਮਨ ਦੀ ਇਸ ਫਿਤਰਤ ਦਾ ਲਾਹਾ ਲੈਂਦਿਆਂ ਕਈ ਵਾਰ ਠੱਗ ਕਿਸਮ ਦੇ ਲੋਕ ਆਪਣੇ ਹੱਥ ਰੰਗ ਜਾਂਦੇ ਹਨ। ਲਾਲਚ ਹਿੱਤ ਅਸੀਂ ਕਈ ਵਾਰ ਆਪਣੀਆਂ ਜੇਬਾਂ ਵੀ ਖਾਲੀ ਕਰਵਾ ਬਹਿੰਦੇ ਹਾਂ।

ਲੋਕਾਂ ਨੂੰ ਅਜਿਹੇ ਜਾਲ 'ਚ ਫਸਾ ਕੇ ਲੁੱਟਣ ਵਾਲੇ ਗਿਰੋਹ ਹਰ ਥਾਂ ਮਿਲ ਜਾਣਗੇ। ਸਕਾਟਲੈਂਡ ਵਿੱਚ ਵਸਦੇ ਲੋਕਾਂ ਨੂੰ ਅਚਾਨਕ ਆਉਂਦੀਆਂ ਫੋਨ ਕਾਲਾਂ ਤੋਂ ਸਾਵਧਾਨ ਰਹਿਣ ਲਈ ਪੁਲਸ ਨੇ ਚਿਤਾਵਨੀ ਦਿੱਤੀ ਹੈ। ਕੰਪਿਊਟਰ ਜ਼ਰੀਏ ਹੁੰਦੀ ਆਟੋਮੇਟਿਡ ਕਾਲ ਰਾਹੀਂ ਸੁਣਨ ਵਾਲੇ ਨੂੰ ਆਪਣੇ ਫੋਨ ਤੋਂ ਇੱਕ ਨੰਬਰ ਡਾਇਲ ਕਰਨ ਨੂੰ ਕਿਹਾ ਜਾਂਦਾ ਹੈ। ਇਸ ਉਪਰੰਤ ਗਾਹਕ ਸੇਵਾ ਕੇਂਦਰ ਵੱਲੋਂ ਕੋਈ ਸ਼ਖਸ ਗੱਲ ਕਰਨ ਲੱਗਦਾ ਹੈ ਅਤੇ ਮੁਕੰਮਲ ਤੌਰ 'ਤੇ ਭਰੋਸੇ 'ਚ ਲੈਣ ਉਪਰੰਤ ਬੈਂਕ ਦੇ ਖਾਤੇ ਆਦਿ ਬਾਰੇ ਪੁੱਛਗਿੱਛ ਕਰਦਾ ਹੈ। ਇਸ ਆਨਲਾਈਨ ਠੱਗੀ ਦੀ ਸ਼ਿਕਾਰ ਹੋਈ ਸਕਾਟਲੈਂਡ ਦੀ ਇੱਕ ਔਰਤ ਕੋਲੋਂ 80,000 ਪੌਂਡ ਇਹ ਕਹਿ ਕੇ ਠੱਗ ਲਏ ਗਏ ਕਿ ਉਸ ਦਾ ਐਮਾਜ਼ੋਨ ਪ੍ਰਾਈਮ ਖਾਤਾ ਹੈਕ ਹੋ ਗਿਆ ਹੈ ਤੇ ਉਸ ਦੇ ਬੈਂਕ ਖਾਤੇ ਵਿੱਚ ਜਮ੍ਹਾ ਪੌਂਡ, ਕਿਸੇ ਸੁਰੱਖਿਅਤ ਖਾਤੇ ਵਿਚ ਤਬਦੀਲ ਕਰਨੇ ਜ਼ਰੂਰੀ ਹਨ। ਇਸ ਤੋਂ ਬਾਅਦ ਠੱਗਾਂ ਨੇ ਆਪਣਾ ਕੋਈ ਖਾਤਾ ਨੰਬਰ ਦੇ ਕੇ ਸਾਰੇ ਪੌਂਡ ਉਸ ਵਿੱਚ ਫੇਰੀ ਕਰਵਾ ਲਏ। ਬੇਸ਼ੱਕ ਏਦਾਂ ਦੀਆਂ ਠੱਗੀਆਂ ਦੀ ਸਕੀਮ ਇੰਗਲੈਂਡ ਵਿੱਚ ਜਾਣੀ-ਪਛਾਣੀ ਹੈ, ਪਰ ਠੱਗ ਕਿਸਮ ਦੇ ਲੋਕ ਗੱਲਬਾਤ ਰਾਹੀਂ ਠੱਗਣ ਵਿੱਚ ਮਾਹਰ ਹੁੰਦੇ ਹਨ। ਸਕਾਟਲੈਂਡ ਪੁਲਸ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਵਿੱਚ ਕਿਹਾ ਗਿਆ ਹੈ ਕਿ ਬੇਸ਼ੱਕ ਤੁਸੀਂ ਖੁਦ ਵੀ ਕਾਲ ਕਰਦੇ ਹੋਵੋ, ਬਿਨਾਂ ਮਤਲਬ ਤੋਂ ਆਪਣੀ ਨਿੱਜੀ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕਰੋ। ਫੋਨ 'ਤੇ ਗੱਲ ਕਰਦੇ ਸਮੇਂ ਕਿਸੇ ਨੂੰ ਵੀ ਆਪਣੇ ਬੈਂਕ ਦੇ ਕਾਰਡ ਜਾਂ ਕ੍ਰੈਡਿਟ ਕਾਰਡ ਦੀ ਜਾਣਕਾਰੀ ਸਾਂਝੀ ਕਰਨ ਤੋਂ ਸੰਕੋਚ ਕਰੋ। ਅਜਿਹੀ ਕਿਸੇ ਵੀ ਫੋਨ ਕਾਲ 'ਤੇ ਗੱਲ ਅੱਗੇ ਨਾ ਵਧਾਓ, ਜਿਸ ਰਾਹੀਂ ਤੁਹਾਨੂੰ ਲਾਟਰੀ ਜਾਂ ਕੋਈ ਹੋਰ ਇਨਾਮ ਜਿੱਤਣ ਦਾ ਚੋਗਾ ਪਾਇਆ ਜਾ ਰਿਹਾ ਹੋਵੇ। ਪੁਲਸ ਨੇ ਸਪੱਸ਼ਟ ਕਿਹਾ ਹੈ ਕਿ 'ਅਜਿਹੀ ਲਾਟਰੀ ਤੁਹਾਡੀ ਕਦੇ ਨਹੀਂ ਨਿਕਲੇਗੀ, ਜਿਹੜੀ ਤੁਸੀਂ ਕਦੇ ਪਾਈ ਹੀ ਨਹੀਂ।' ਇਨਾਮ ਜਾਂ ਲਾਟਰੀ ਦੀ ਰਾਸ਼ੀ ਦੇਣ ਤੋਂ ਪਹਿਲਾਂ ਟੈਕਸ ਰਾਸ਼ੀ ਜਮ੍ਹਾ ਕਰਵਾਉਣ ਦੇ ਨਾਂਅ 'ਤੇ ਮੰਗੀ ਜਾਂਦੀ ਰਾਸ਼ੀ ਕਦੇ ਨਾ ਦਿਓ। ਸਕਾਟਲੈਂਡ ਪੁਲਸ ਨੇ ਮਦਰਵੈਲ ਇਲਾਕੇ ਦੇ ਵਸਨੀਕ ਮੁਹੰਮਦ ਰਫੀਕ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ ਮਸਾਂ ਅੱਠ ਮਹੀਨਿਆਂ ਵਿੱਚ 33 ਬਜ਼ੁਰਗਾਂ ਕੋਲੋਂ 6,30,000 ਪੌਂਡ ਠੱਗ ਲਏ ਸਨ। ਰਫੀਕ ਆਪਣੇ ਆਪ ਨੂੰ ਲੋਕਾਂ ਨਾਲ ਫਰਾਡ ਕਰਨ ਵਾਲਿਆਂ ਦੀ ਜਾਂਚ ਕਰਨ ਵਾਲਾ ਅਫਸਰ ਦੱਸ ਕੇ ਭਰੋਸੇ ਵਿੱਚ ਲੈਂਦਾ ਸੀ। ਅੰਤ 34 ਸਾਲਾ ਰਫੀਕ ਉਦੋਂ ਪੁਲਸ ਦੇ ਹੱਥ ਆ ਗਿਆ, ਜਦੋਂ ਉਸ ਨੇ ਕੈਂਟ ਇਲਾਕੇ ਦੀ ਇੱਕ ਬਜ਼ੁਰਗ ਔਰਤ ਨੂੰ 12,000 ਪੌਂਡ ਟਰਾਂਸਫਰ ਕਰਨ ਲਈ ਕਿਹਾ। ਉਸ ਔਰਤ ਨੇ ਪੁਲਸ ਨੂੰ ਦੱਸਿਆ ਕਿ ਇੱਕ ਆਦਮੀ ਆਪਣੇ ਆਪ ਨੂੰ ਫਰਾਡ ਇਨਵੈਸਟੀਗੇਸ਼ਨ ਅਫਸਰ ਦੱਸ ਕੇ ਉਸ ਨੂੰ ਇੱਕ ਸੁਰੱਖਿਅਤ ਖਾਤੇ ਵਿੱਚ ਪੌਂਡ ਟਰਾਂਸਫਰ ਕਰਨ ਨੂੰ ਕਹਿ ਰਿਹਾ ਹੈ, ਜਦ ਕਿ ਉਸ ਦਾ ਕਹਿਣਾ ਹੈ ਕਿ ਉਸ ਦਾ (ਔਰਤ ਦਾ) ਖਾਤਾ ਠੱਗਾਂ ਵੱਲੋਂ ਹੈਕ ਕਰ ਲਿਆ ਗਿਆ ਹੈ।

ਗਲਾਸਗੋ ਪੁਲਸ ਨੇ ਇਸੇ ਸਾਲ ਇੱਕ ਆਦਮੀ ਵੱਲੋਂ 65,000 ਪੌਂਡ ਦੀ ਠੱਗੀ ਦਾ ਸ਼ਿਕਾਰ ਹੋਣ ਬਾਰੇ ਦੱਸਿਆ ਹੈ। ਇਸ ਬਾਰੇ ਲੋਕਾਂ ਨੂੰ ਐਮਾਜ਼ੋਨ ਨੇ ਵੀ ਸੂਚਿਤ ਕੀਤਾ ਹੈ ਕਿ ਐਮਾਜ਼ੋਨ ਦਾ ਨਾਂਅ ਵਰਤ ਕੇ ਜੇ ਤੁਹਾਡੇ ਤੋਂ ਕੋਈ ਨਿੱਜੀ ਜਾਣਕਾਰੀ ਦੀ ਮੰਗ ਕਰਦਾ ਹੈ ਤਾਂ ਕਦੇ ਵੀ ਵਿਸ਼ਵਾਸ ਨਾ ਕਰੋ। ਲੰਡਨ ਵਿੱਚ ਇਹ ਧੋਖਾਦੇਹੀ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਅਪ੍ਰੈਲ 2018 ਤੋਂ ਅਪ੍ਰੈਲ 2019 ਤੱਕ ਲੰਡਨ ਪੁਲਸ ਦੇ ਨੈਸ਼ਨਲ ਫਰਾਡ ਇੰਟੈਲੀਜੈਂਸ ਬਿਊਰੋ ਕੋਲ 23,500 ਸ਼ਿਕਾਇਤਾਂ ਆਈਆਂ ਸਨ। ਇੰਗਲੈਂਡ ਦੇ ਲੋਕਾਂ ਨੂੰ ਇੱਕ ਸੈਕਿੰਡ ਵਿੱਚ ਔਸਤਨ ਅੱਠ ਫਰਾਡ ਕਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦ ਕਿ ਇੱਕ ਮਹੀਨੇ ਵਿੱਚ ਇਨ੍ਹਾਂ ਕਾਲਾਂ ਦੀ ਗਿਣਤੀ 21 ਮਿਲੀਅਨ ਤੱਕ ਪਹੁੰਚ ਜਾਂਦੀ ਹੈ।

ਜਦੋਂ ਅੱਜ ਤੋਂ 10 ਵਰ੍ਹੇ ਪਿਛਾਂਹ ਝਾਤ ਮਾਰਦਾ ਹਾਂ ਤਾਂ ਇੱਕ ਦੋਸਤ ਵੱਲੋਂ ਪੰਜਾਬ ਤੋਂ ਕੀਤਾ ਫੋਨ ਯਾਦ ਆਉਂਦਾ ਹੈ। ਉਸ ਦੋਸਤ ਨੇ ਮੈਨੂੰ ਇਹ ਦੱਸਣ ਲਈ ਫੋਨ ਕੀਤਾ ਸੀ ਕਿ ਉਸ ਦਾ ਫੋਨ ਨੰਬਰ ਇੰਗਲੈਂਡ ਦੀ ਕਿਸੇ ਲਾਟਰੀ ਵੱਲੋਂ ਚੁਣਿ-ਆ ਗਿਆ ਹੈ ਤੇ ਉਸ ਨੂੰ ਲਗਭਗ ਪੰਜਾਹ ਹਜ਼ਾਰ ਪੌਂਡ ਦੀ ਰਾਸ਼ੀ ਮਿਲਣ ਵਾਲੀ ਹੈ। ਅਸਲ ਗੱਲ ਇਹ ਸੀ ਕਿ ਉਸ ਵੀਰ ਨੂੰ ਫੋਨ 'ਤੇ ਮੈਸੇਜ ਇਹ ਮਿਲਿਆ ਸੀ ਅਤੇ ਉਸ 'ਅਚਾਨਕ' ਬਿਨਾਂ ਟਿਕਟ ਖਰੀਦਿਆਂ ਜਿੱਤੀ ਲਾਟਰੀ ਦੀ ਰਾਸ਼ੀ ਦਾ ਬਣਦਾ ਟੈਕਸ ਪਹਿਲਾਂ ਭਰਨ ਦੀ ਬੇਨਤੀ ਕੀਤੀ ਗਈ ਸੀ। ਮੈਂ ਬਹੁਤ ਇਮਾਨਦਾਰੀ ਨਾਲ ਉਸ ਵੀਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਤਰ੍ਹਾਂ ਦੀਆਂ ਫੋਨ ਕਾਲਾਂ ਈ-ਮੇਲਾਂ ਠੱਗੀ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੁੰਦੀਆਂ, ਪਰ ਮੁਫਤ 'ਚ ਮਿਲੀ ਸਲਾਹ ਨੂੰ ਅਣਸੁਣਿਆ ਕਰ ਕੇ ਉਸ ਵੀਰ ਨੇ ਟੈਕਸ ਰਾਸ਼ੀ ਠੱਗਾਂ ਦੇ ਦੱਸੇ ਖਾਤੇ ਵਿੱਚ ਜਮ੍ਹਾ ਕਰਵਾ ਦਿੱਤੀ। ਸਿਤਮ ਦੀ ਗੱਲ ਇਹ ਕਿ ਉਸ ਨੂੰ ਇਹ ਵੀ ਪਤਾ ਨਹੀਂ ਲੱਗਾ ਕਿ ਉਸ ਨੂੰ ਠੱਗ ਕੌਣ ਗਿਆ, ਲਾਟਰੀ ਵਾਲੀ ਰਾਸ਼ੀ ਮਿਲਣੀ ਤਾਂ ਦੂਰ ਦੀ ਗੱਲ ਸੀ। ਅੱਜ ਬੇਸ਼ੱਕ ਤਕਨੀਕ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਠੱਗ ਵੀ ਇਸ ਯੁੱਗ 'ਚ ਹੀ ਵਿਚਰਦੇ ਹੋਣ ਕਰ ਕੇ ਨਾਲੋ-ਨਾਲ ਤਰੱਕੀ ਕਰ ਰਹੇ ਹਨ। ਸਿਰਫ ਲੋੜ ਹੈ ਤਾਂ ਫੂਕ-ਫੂਕ ਕੇ ਕਦਮ ਪੁੱਟਣ ਦੀ, ਨਹੀਂ ਤਾਂ ਕੋਈ ਪਤਾ ਨਹੀਂ ਕਿ ਕੌਣ ਕਦੋਂ ਤੇ ਕਿੱਥੇ ਤੁਹਾਡੀ ਜੇਬ 'ਚ ਮੋਰੀਆਂ ਕਰ ਜਾਵੇ।

# ਪੰਜਾਬ ਦੀ ਬੇਮੁਹਾਰ ਸਿਆਸਤ

ਭਾਈ ਅਸ਼ੋਕ ਸਿੰਘ ਬਾਗੜੀਆਂ

ਪੰਜਾਬ ਦੀ ਸਿਆਸਤ ਦੇਖਦਿਆਂ ਕਈ ਦਹਾਕੇ ਲੰਘ ਗਏ। ਇਸ ਦੌਰਾਨ ਚਿੰਤਾਜਨਕ ਸੱਚਾਈ ਸਾਹ-ਮਣੇ ਆਈ ਹੈ ਕਿ ਪੰਜਾਬ ਦੇ ਸਿਆਸਤਦਾਨ ਜਾਂ ਹੋਰ ਆਗੂਆਂ ਨੇ ਕਦੇ ਘੱਗਰ ਤੋਂ ਅਗਾਂਹ ਨਹੀਂ ਸੋਚਿਆਂ, ਜਿਸ ਦੇ ਫਲਸਰੂਪ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੇ ਇੰਨਾ ਵੱਡਾ ਨੁਕਸਾਨ ਝੱਲਿਆ ਹੈ, ਜਿਸ ਦੀ ਪੂਰਤੀ ਨਾਮੁਕਿਨ ਹੈ। 1960 ਦੇ ਦਹਾਕੇ ਵਿੱਚ ਜਿਨ੍ਹਾਂ ਜਨ ਸੰਘ ਦੇ ਨੇਤਾਵਾਂ ਕੋਲ ਉਸ ਵੇਲੇ ਦਾ ਮੀਡੀਆ ਭਾਵ ਅਖ਼ਬਾਰਾਂ ਸਨ, ਉਨ੍ਹਾਂ ਨੇ ਪੰਜਾਬ ਜਾਂ ਪੰਜਾਬੀ ਦੇ ਪੈਰ ਨਹੀਂ ਲੱਗਣ ਦਿੱਤੇ ਅਤੇ ਪੰਜਾਬ ਦੇ ਨੇਤਾ ਉਨ੍ਹਾਂ ਸਾਹਮਣੇ ਬੌਣੇ ਸਾਬਤ ਹੋਏ।

ਪੰਜਾਬੀ ਸੂਬੇ ਲਈ ਪੰਜਾਬੀਆਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ, ਪਰ ਸਾਡੇ ਨੇਤਾਵਾਂ ਵਿੱਚ ਦੂਰਦ੍ਰਿਸ਼ਟਤਾ ਅਤੇ ਰਾਜਨੀਤਕ ਸੂਝ-ਬੂਝ ਦੀ ਕਮੀ ਹੋਣ ਕਰਕੇ ਕਈ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਚਲੇ ਗਏ। ਇਥੋਂ ਤੱਕ ਕਿ ਦੋ ਦਰਜਨ ਤੋਂ ਵੱਧ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣੀ ਨਵੀਂ ਰਾਜਧਾਨੀ ਚੰਡੀਗੜ੍ਹ ਵੀ ਪੰਜਾਬ ਨੂੰ ਨਹੀਂ ਮਿਲੀ। ਖ਼ੈਰ, ਪੰਜਾਬ ਸੂਬੇ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਸੰਤ ਫ਼ਤਹਿ ਸਿੰਘ ਦੀ ਅਗਵਾਈ ਵਿੱਚ ਪਹਿਲੀ ਚੋਣ ਵੀ ਅਕਾਲੀ ਆਪਣੇ ਦਮ 'ਤੇ ਨਾ ਜਿੱਤ ਸਕੇ ਅਤੇ ਸਰਕਾਰ ਬਣਾਉਣ ਲਈ ਜਨ ਸੰਘ ਨਾਲ ਗੰਢ-ਤੁਪ ਸ਼ੁਰੂ ਕਰ ਦਿੱਤੀ। 1967 ਵਿੱਚ ਜਨ-ਸੰਘੀਆਂ ਨਾਲ ਮਿਲ ਕੇ ਪੰਜਾਬ ਵਿੱਚ ਸਰਕਾਰ ਬਣਾਈ, ਪਰ ਇਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਨਾ ਦੇਣ ਦਿੱਤਾ। 1977 ਵਿੱਚ ਕੇਂਦਰ ਵਿੱਚ ਜਨਤਾ ਦਲ ਦੀ ਸਰਕਾਰ ਬਣੀ ਅਤੇ ਢਾਈ-ਸਾਲ ਚੱਲੀ, ਪਰ ਅਕਾਲੀ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪ੍ਰਾਪਤ ਨਾ ਕਰ ਸਕੇ, ਉਲਟਾ ਜਨਤਾ ਪਾਰਟੀ ਦੇ ਲੀਡਰਾਂ ਨੇ ਕਦੇ ਭਾਖੜੇ ਦਾ ਕੰਟਰੋਲ, ਕਦੇ ਹੈਂਡ ਵਰਕਸ ਤੇ ਕਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਦੇ ਪੁੱਜ ਅਕਾਲੀਆਂ ਨੂੰ ਖੱਜਲ ਕੀਤਾ ਅਤੇ ਅੱਜ ਤੱਕ ਕਰ ਰਹੇ ਹਨ।

1980 ਦੇ ਦਹਾਕੇ ਵਿੱਚ ਜੋ ਕਾਲੇ ਬੱਦਲ ਪੰਜਾਬ ਵਿੱਚ ਛਾਏ, ਉਨ੍ਹਾਂ ਵਿੱਚ ਪੰਜਾਬ ਦੇ ਦੋਵੇਂ ਵੱਡੇ ਸਿਆਸੀ ਦਲਾਂ ਅਕਾਲੀ ਦਲ ਤੇ ਕਾਂਗਰਸ ਦੀਆਂ ਕਈ ਖਾਮੀਆਂ ਸਾਹਮਣੇ ਆਉਣ ਲੱਗੀਆਂ। ਅਕਾਲੀ ਦਲ ਦੀ ਗ਼ੈਰ-ਹਾਜ਼ਰੀ ਕਾਰਨ ਹੀ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਪੰਜਾਬ ਦੇ ਸਿਆਸੀ ਨਕਸ਼ੇ 'ਤੇ ਉਭਰਨ ਲੱਗੇ, ਭਾਵੇਂ ਉਨ੍ਹਾਂ ਨੇ ਇਸ ਗੱਲ ਦਾ ਐਲਾਨ ਵੀ ਕਰ ਦਿੱਤਾ ਸੀ ਕਿ ਉਨ੍ਹਾਂ ਦਾ ਸਿਆਸਤ ਨਾਲ ਕੋਈ ਵਾਸਤਾ ਨਹੀਂ। 1984 ਵਿੱਚ ਜਦੋਂ ਅਪਰੇਸ਼ਨ ਬਲਿਊ ਸਟਾਰ ਹੋਇਆ, ਉਸੇ ਸਮੇਂ ਅਕਾਲੀ ਦਲ ਦੀ ਲੀਡਰਸ਼ਿਪ ਪੰਜਾਬ ਵਿੱਚ ਲੱਭਿਆਂ ਵੀ ਨਹੀਂ ਲੱਭਦੀ ਸੀ ਅਤੇ ਸਿੱਖਾਂ ਦੇ ਮਨੁੱਖੀ ਤੇ ਰਾਜਨੀਤਕ ਅਧਿਕਾਰਾਂ ਦਾ ਓਦੋਂ ਦੀ ਕੇਂਦਰੀ ਸਰਕਾਰ ਨੇ ਦਿਲ ਖੋਲ੍ਹ ਕੇ ਘਾਣ ਕੀਤਾ। ਪੂਰਾ ਦਹਾਕਾ (1984-94) ਅਤਿਵਾਦ ਤੇ ਵੱਖਵਾਦ ਦੇ ਨਾਮ ਹੇਠ ਸਰਕਾਰੀ ਸਿੱਖ ਨਸਲਕੁਸ਼ੀ ਕੀਤੀ ਗਈ, ਅਕਾਲੀ ਲੀਡਰ ਸੁੱਸਰੀ ਵਾਂਗ ਸੁੱਤੇ ਰਹੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਸਿੱਖ ਧਰਮ ਅਸਥਾਨਾਂ ਦੀ ਦੇਖ-ਭਾਲ ਲਈ ਬਹੁਤ ਕੁਰਬਾਨੀਆਂ ਦੇ ਕੇ ਬਣੀ, ਉਸ ਉਪਰ ਸਿਆਸਤ ਦਾ ਗਲਬਾ ਪੈਣ ਨਾਲ ਸਿੱਖ ਧਰਮ ਵਿੱਚ ਧਾਰਮਿਕ ਅਤੇ ਸਿਆਸੀ ਸੰਕਟ ਲਗਾਤਾਰ ਗੰਭੀਰ ਹੁੰਦਾ ਗਿਆ। ਅਕਾਲੀ ਦਲ ਆਪਣੇ ਸਿਆਸੀ ਭਾਈਵਾਲਾਂ ਨੂੰ ਖ਼ੁਸ਼ ਕਰਨ ਲਈ ਸਿੱਖੀ ਅਸੂਲਾਂ ਤੋਂ ਥਿੜਕਦਾ ਚਲਾ ਗਿਆ। ਸਿੱਖ ਅਜੇ ਤੱਕ ਆਪਣੇ ਵਿਰੋਧੀ ਦੀ ਪਛਾਣ ਨਹੀਂ ਕਰ ਸਕੇ ਕਿ ਇਹ ਕੋਈ ਵਿਅਕਤੀ ਹੈ, ਸੰਸਥਾ ਹੈ ਜਾਂ ਵਿਚਾਰਧਾਰਾ ਹੈ, ਜਿਸ ਨੇ ਸਾਡੀ ਹੋਂਦ ਨੂੰ ਸਵਿਕਾਰ ਨਹੀਂ ਕੀਤਾ।

ਪੰਜਾਬ ਦੀਆਂ ਵਿਰੋਧੀ ਪਾਰਟੀਆਂ ਵੀ ਸਿਰਫ਼ ਪੰਜਾਬ ਸਰਕਾਰ ਦੀ ਨੁਕਤਾਚੀਨੀ ਅਤੇ ਨਿਖੇਧੀ ਕਰਨ ਤੱਕ ਸੀਮਤ ਰਹੀਆਂ। ਸਰਕਾਰ ਦੀ ਮੁਖ਼ਾਲਫ਼ਤ ਕਰਨਾ ਵਿਰੋਧੀ ਧਿਰ ਦਾ ਹੱਕ ਹੈ, ਫ਼ਰਜ਼ ਹੈ ਤਾਂ ਜੋ ਸਰਕਾਰ ਨਾਲ ਸਬੰਧਿਤ ਹਨ, ਉਸ ਵਿੱਚ ਵਿਰੋਧੀ ਧਿਰ ਦਾ ਫ਼ਰਜ਼ ਬਣ ਜਾਂਦਾ ਹੈ ਕਿ ਸੂਬਾ ਸਰਕਾਰ ਨਾਲ ਮਿਲ ਕੇ ਆਪਣੀਆਂ ਮੰਗਾਂ ਕੇਂਦਰ ਸਰਕਾਰ ਕੋਲ ਰੱਖਣਾ। ਸੂਬਾ ਸਰਕਾਰ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਮੁੱਚੇ ਪ੍ਰਾਂਤ ਦੇ ਮਸਲੇ ਕੇਂਦਰ ਸਰਕਾਰ ਕੋਲ ਉਠਾਉਣ ਲਈ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਭਰੋਸੇ ਵਿੱਚ ਲਵੇ ਤਾਂ ਜੋ ਮੌਕਾ ਆਉਣ 'ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹੱਕ ਵਿੱਚ ਇੱਕਜੁੱਟਤਾ ਦਾ ਮੁਜ਼ਾਹਰਾ ਹੋ ਸਕੇ। ਪੰਜਾਬ ਦੀ ਸੌੜੀ ਸਿਆਸਤ ਅਤੇ ਦੂਰ-ਦ੍ਰਿਸ਼ਟੀ ਦੀ ਕਮੀ ਕਾਰਨ ਪਿਛਲੀਆਂ ਸਰਕਾਰਾਂ ਹਜ਼ਾਰ ਕਰੋੜ ਦਾ ਕਰਜ਼ਾ ਪੰਜਾਬ ਵਾਸੀਆਂ ਦੇ ਸਿਰ 'ਤੇ ਛੱਡ ਗਈਆਂ। ਵਿਰੋਧੀ ਧਿਰਾਂ ਇਹ ਵੀ ਸਮਝ ਲੈਣ ਕਿ ਇਸ ਕਰਜ਼ ਦੀ ਅਦਾਇਗੀ ਜਾਂ ਇਸ ਦਾ ਹੋਰ ਨਿਪਟਾਰਾ ਜੇ ਅੱਜ ਨਾ ਹੋਇਆ ਤਾਂ ਕੱਲ੍ਹ ਜਦੋਂ ਵਿਰੋਧੀ ਧਿਰ ਸਰਕਾਰ ਬਣਾਵੇਗੀ ਤਾਂ ਇਹੀ ਰਕਮ ਦੁੱਗਣੀ ਨਹੀਂ ਤਾਂ ਡੇਢ ਗੁਣਾ ਤਾਂ ਜ਼ਰੂਰ ਹੋ ਜਾਵੇਗੀ।

ਇਸ ਕਰਜ਼ੇ ਦੀ ਮਾਰ ਕਾਰਨ ਪੰਜਾਬ ਦੇ ਬਹੁਤ ਅਹਿਮ ਅਦਾਰੇ ਆਪਣੇ ਕਾਰੋਬਾਰ ਵਿੱਚ ਪੱਛੜ ਗਏ ਹਨ, ਜਿਸ ਦੇ ਤੌਰ 'ਤੇ ਕੇਂਦਰ ਵੱਲੋਂ ਦਿੱਤੀ ਗਈ ਸਿੱਖਿਆ ਲਈ ਸਕਾਲਰਸ਼ਿਪ ਜੋ ਪਿਛਲੇ ਕਈ ਸਾਲਾਂ ਤੋਂ ਨਹੀਂ ਆਈ, ਇਸ ਰੋਕ ਨੇ ਪੰਜਾਬ ਦੇ ਬੱਚਿਆਂ ਦਾ ਭਵਿੱਖ ਧੁੰਦਲਾ ਕਰ ਦਿੱਤਾ ਹੈ। ਇਹੀ ਹਾਲ ਸਿਹਤ ਵਿਭਾਗ ਦਾ ਹੈ।

ਮੌਜੂਦਾ ਭਾਰਤੀ ਸਿਆਸਤ ਵਿੱਚ ਇੱਕ ਬੜੀ ਅਹਿਮ ਤਬਦੀਲੀ ਆਈ ਹੈ, ਜਿੱਥੇ ਕੇਂਦਰ ਸਰਕਾਰ ਰਾਜ ਸਰਕਾਰਾਂ ਨਾਲ ਉਥੋਂ ਦੀਆਂ ਸਿਆਸੀ ਰਾਜ ਸਰਕਾਰਾਂ ਨਾਲ ਉਥੋਂ ਦੀਆਂ ਸਿਆਸੀ ਪਾਰਟੀਆਂ ਨਾਲ ਖੁੱਲ੍ਹਮ-ਖੁੱਲ੍ਹਾ ਵਿਤਕਰਾ ਕਰ ਰਹੀ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਪੰਜਾਬ ਦੇ ਸਿਆਸਤਦਾਨ ਆਪਣੇ ਨਿੱਜੀ ਮੁਫ਼ਾਦ ਨੂੰ ਲਗਾਮ ਦੇ ਕੇ ਸਮੁੱਚੇ ਪੰਜਾਬ ਦੇ ਹਿੱਤਾਂ ਲਈ ਇੱਕਜੁੱਟ ਹੋ ਕੇ ਕੇਂਦਰ ਤੋਂ ਆਪਣੇ ਬਣਦੇ ਹੱਕਾਂ ਦੀ ਤਲਾਫੀ ਕਰਵਾਉਣ।

ਅੱਜ ਜਦੋਂ ਭਾਰਤ ਦੀ ਸਰਕਾਰ ਇੱਕ ਧਰਮ ਵਿਸ਼ੇਸ਼ ਖ਼ਿਲਾਫ਼ ਖੁੱਲ੍ਹਆਮ ਜਨਤਕ ਹੋ ਰਹੀ ਹੈ ਤੇ ਦੂਜੇ ਪਾਸੇ ਭਾਰਤ ਦੀ ਲੋਕਤੰਤਰੀ ਅਤੇ ਧਰਮਨਿਰਪੱਖ ਜਨਤਾ ਇਨ੍ਹਾਂ ਜ਼ੁਲਮਾਂ ਖ਼ਿਲਾਫ਼ ਸੜਕਾਂ 'ਤੇ ਉਤਰ ਰਹੀ ਹੈ ਅਤੇ ਉਸ ਨਾਗਰਿਕਤਾ ਕਾਨੂੰਨ ਖ਼ਿਲਾਫ਼ ਤੇ ਉਸ ਨਾਲ ਆਪਸੀ ਭਾਈਚਾਰੇ ਨੂੰ ਹੋਣ ਵਾਲੇ ਨੁਕਸਾਨ ਦੇ ਦੁਰਪ੍ਰਭਾਵ ਖ਼ਿਲਾਫ਼ ਇੰਨੇ ਮੁਜ਼ਾਹਰੇ ਹੋ ਰਹੇ ਹਨ, ਇੰਨੀਆਂ ਆਵਾਜ਼ਾਂ ਉਠੀਆਂ ਹਨ, ਜਿਸ ਦੇ ਫਲਸਰੂਪ ਪੰਜਾਹ ਤੋਂ ਉਪਰ ਜਾਨਾਂ ਜਾ ਚੁੱਕੀਆਂ ਹਨ। ਇਸ ਬਵਾਲ ਨੇ, ਜਿਸ ਵਿੱਚ ਸਾਰਾ ਭਾਰਤ ਗਰੱਸਿਆ ਹੈ, ਪੰਜਾਬ ਦੇ ਕਿਸੇ ਵੀ ਸਿਆਸਤਦਾਨ ਨੇ ਜਾਂ ਪਾਰਟੀ ਨੇ ਇਸ ਬਾਰੇ ਬਣਦੀ 'ਹਾਂ' ਜਾਂ 'ਨਾਂਹ' ਦੀ ਰਾਇ ਨਹੀਂ ਪ੍ਰਗਟਾਈ। ਸਿਆਸੀ ਪਹਿਲੂ ਤੋਂ ਭਾਵੇਂ ਪੰਜਾਬ ਸਰਕਾਰ ਨੇ ਐਨ ਆਰ ਸੀ ਖ਼ਿਲਾਫ਼ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਹੈ, ਪਰ ਆਮ ਜਨਤਾ ਨੂੰ ਇਸ ਐਕਟ ਦੇ ਲਾਭ ਜਾਂ ਹਾਨੀ ਤੋਂ ਕਿਸੇ ਵੀ ਪਾਰਟੀ ਨੇ ਜਾਣੂ ਨਹੀਂ ਕਰਵ-ਾਇਆ। ਇਸ ਵਿੱਚ ਕਿਸ ਨੂੰ ਕੀ ਫ਼ਾਇਦਾ ਹੈ ਅਤੇ ਕਿਸ ਨੂੰ ਕੀ ਨੁਕਸਾਨ।

ਪੰਜਾਬ ਦੇ ਸੰਦਰਭ ਵਿੱਚ ਇਹ ਬੜਾ ਚਿੰਤਾਜਨਕ ਤੱਥ ਹੈ ਕਿ ਸਾਡਾ ਪੜ੍ਹਿਆ-ਲਿਖਿਆ ਵਰਗ ਆਪਣੀ ਭੂਮਿਕਾ ਨਹੀਂ ਨਿਭਾ ਰਿਹਾ। ਜਿੱਥੇ ਸਿਆਸਤਦਾਨ ਇਨ੍ਹਾਂ ਨਵੇਂ ਕਾਨੂੰਨਾਂ ਬਾਰੇ ਲੋਕਾਂ ਨੂੰ ਜਾਣੂ ਨਹੀਂ ਕਰਵਾ ਸਕੇ, ਉਥੇ ਸਮਾਜ ਦੇ ਪੜ੍ਹੇ-ਲਿਖੇ ਵਰਗ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਕਾਨੂੰਨਾਂ ਦੀ ਚੰਗੀ ਤਰ੍ਹਾਂ ਪੜਚੋਲ ਕਰ ਕੇ ਇਸ ਦੇ ਲਾਭਾਂ ਦੇ ਕਮੀਆਂ ਤੋਂ ਸਮਾਜ ਨੂੰ ਵਾਕਿਫ਼ ਕਰਵਾਉਣ। ਆਖ਼ਿਰ ਭਵਿੱਖ ਦੇ ਜ਼ਿੰਮੇਵਾਰ ਤਾਂ ਅਸੀਂ ਸਾਰੇ ਹੀ ਹਾਂ। ਇਹ ਸਾਰਾ ਕੁਝ ਹੁੰਦਾ ਦੇਖ ਕੇ ਮਨ ਵਿੱਚ ਆਉਂਦਾ ਹੈ ਕਿ ਅਸੀਂ ਆਪਣੀ ਆਉਣ ਵਾਲੀ ਨਸਲ ਵਾਸਤੇ ਕੀ ਛੱਡ ਕੇ ਜਾ ਰਹੇ ਹਾਂ, ਫੁੱਲਾਂ ਦੇ ਹਾਰ ਜਾਂ ਕੰਡਿਆਂ ਦੀ

# ਕਾਲੇ ਰੀਠੇ ਦੇ ਲੜ ਲਾ 'ਤੀ..

-ਡਾ. ਬਲਵਿੰਦਰ ਸਿੰਘ ਲੱਖੇਵਾਲੀ

ਇਕ ਹਾਰੇ ਦੀ ਮਿੱਟੀ
ਇਕ ਚੁੱਲ੍ਹੇ ਦੀ ਮਿੱਟੀ
ਕਾਲੇ ਰੀਠੇ ਦੇ ਲੜ ਲਾ 'ਤੀ
ਨੀ ਮੈਂ ਚਾਨਣ ਦੀ ਟਿੱਕੀ..

ਰੀਠੇ ਦਾ ਰੁੱਖ ਸਾਡੇ ਨਾਲ ਸਾਹਿਤ ਸੱਭਿਆਚਾਰ, ਧਾਰਮਿਕ, ਵੈਦਿਕ ਅਤੇ ਹੋਰ ਕਈ ਪੱਖਾਂ ਤੋਂ ਗੂੜ੍ਹੀ ਸਾਂਝ ਰੱਖਦਾ ਹੈ। ਉਪਰੋਕਤ ਲੋਕ ਬੋਲੀ ਵਿੱਚ ਪੱਕੇ ਰੰਗ ਦੇ ਮੁੰਡੇ ਦੀ ਤੁਲਨਾ ਕਾਲੇ ਰੀਠੇ ਤੇ ਸਨੁੱਖੀ ਕੁੜੀ ਦੀ ਤੁਲਨਾ ਚਾਨਣ ਦੀ ਟਿੱਕੀ ਨਾਲ ਕੀਤੀ ਗਈ ਹੈ। ਸਮੇਂ ਦੇ ਚੱਲ ਕੇ ਅਸੀਂ ਤਰੱਕੀ ਦੀ ਪੌੜੀ ਚੜ੍ਹਦੇ ਗਏ, ਪਰ ਕੁਦਰਤੀ ਨਿਆਮਤਾਂ ਤੋਂ ਦੂਰ ਹੋ ਗਏ, ਜਿਸ ਦੇ ਫਲਸਰੂਪ ਰੀਠੇ ਵਰਗੇ ਗੁਣਕਾਰੀ ਰੁੱਖ ਹੌਲੀ-ਹੌਲੀ ਜ਼ਿੰਦਗੀ ਵਿੱਚੋਂ ਮੁਨਫੀ ਹੁੰਦੇ ਗਏ। ਵੱਡ ਵਡੇਰੇ ਜਾਂ ਗੁਰੂ ਪੀਰਾਂ ਦਾ ਸਬੰਧ ਰੁੱਖਾਂ ਪੌਦਿਆਂ ਨਾਲ ਬਹੁਤ ਨੇੜਲਾ ਸੀ, ਜਿਸ ਦੀਆਂ ਅਨੇਕਾਂ ਮਿਸਾਲਾਂ ਵੇਖਣ ਨੂੰ ਮਿਲਦੀਆਂ ਹਨ।

ਰੀਠੇ ਦਾ ਨਾਮ ਲੈਂਦੇ ਸਾਰ ਸਭ ਤੋਂ ਪਹਿਲਾਂ ਸਾਡੇ ਮਨ ਵਿੱਚ ਗੁਰਦੁਆਰਾ 'ਰੀਠਾ ਸਾਹਿਬ' ਆਉਂਦਾ ਹੈ, ਜਿਹੜਾ ਯੂ ਪੀ ਵਿੱਚ ਨੈਨੀਤਾਲ ਦੇ ਜ਼ਿਲੇ ਨਾਨਕ-ਮਤਾ ਤੋਂ ਕੁਝ ਮੀਲ ਦੂਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖ ਨਾਲ ਵਿਆਕੁਲ ਮਰਦਾਨੇ ਨੂੰ ਜੰਗਲ ਵਿੱਚ ਰੀਠੇ ਦੇ ਰੁੱਖ ਤੋਂ ਰੀਠੇ ਤੋੜ ਕੇ ਖਾਣ ਦਾ ਆਦੇਸ਼ ਦਿੱਤਾ। ਆਮ ਹਾਲਤਾਂ ਵਿੱਚ ਕੌੜੇ ਫਲ ਜਦੋਂ ਮਰਦਾਨੇ ਨੇ ਖਾਧੇ ਤਾਂ ਮਿੱਠੇ ਸਨ। ਮਿੱਠੇ ਰੀਠਿਆਂ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਤੇ ਹੋਰ ਕਈ ਇਤਿਹਾਸਕਾਰਾਂ ਦੀਆਂ ਲਿਖਤਾਂ ਵਿੱਚ ਵੇਖਣ ਨੂੰ ਮਿਲਦਾ ਹੈ। ਸਿੱਖ ਇਤਿਹਾਸ ਵਿੱਚ ਗੁਰਦੁਆਰਾ ਰੀਠਾ ਸਾਹਿਬ ਦਾ ਅਹਿਮ ਥਾਂ ਹੈ ਤੇ ਲੋਕ ਮਿੱਠੇ ਰੀਠਿਆਂ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਲਿਆਉਂਦੇ ਹਨ।

ਉਤਰੀ ਭਾਰਤ ਦੇ ਅਨੇਕਾਂ ਪ੍ਰਦੇਸ਼ਾਂ, ਹਿਮਾਲਿਆਂ ਦੀਆਂ ਨੀਵੀਆਂ ਪਹਾੜੀਆਂ ਵਿੱਚ ਪਾਏ ਜਾਂਦੇ ਇਸ ਰੁੱਖ ਦਾ ਮੂਲ ਸਥਾਨ ਚੀਨ ਮੰਨਿਆ ਜਾਂਦਾ ਹੈ। ਸਮੁੱਚੇ ਵਿਸ਼ਵ ਵਿੱਚ ਇਸ ਨੂੰ 'ਸੋਪਨਟ ਰੁੱਖ' ਦੇ ਰੁੱਖ ਵਜੋਂ ਜਾਣਿਆ ਜਾਂਦਾ ਹੈ। ਰੀਠੇ ਦੇ ਫਲਾਂ ਵਿੱਚ 'ਸੈਪੋਨਿਨ' ਨਾਮੀਂ ਕੈਮੀਕਲ ਹੁੰਦਾ ਹੈ ਜੋ ਸਾਬਣ ਜਾਂ ਹੋਰ ਧੁਆਈ ਵਾਲੇ ਪਦਾਰਥਾਂ ਵਿੱਚ ਵਰਤਿਆ ਜਾਂਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਕੁਦਰਤੀ ਉਤਪਾਦਾਂ ਦੀ ਮੰਗ ਵਿਸ਼ਵ ਮੰਡੀ ਵਿੱਚ ਵਧਣ ਨਾਲ ਕਈ ਕੰਪਨੀਆਂ ਭਾਰਤ ਤੋਂ ਰੀਠੇ ਦੇ ਫਲਾਂ ਤੋਂ ਤਿਆਰ ਉਤਪਾਦ ਵਿਦੇਸ਼ਾਂ ਵਿੱਚ ਭੇਜ ਰਹੀਆਂ ਹਨ।

ਦਰਮਿਆਨੇ ਜਿਹੇ ਕੱਦ ਦੇ ਇਸ ਪੱਤਝੜੀ ਰੁੱਖ ਦੀ ਥੋੜ੍ਹੀ-ਥੋੜ੍ਹੀ ਦਿੱਖ ਤੁਣ ਦੇ ਰੁੱਖ ਵਾਂਗ ਹੁੰਦੀ ਹੈ, ਜੋ ਸਰਦ ਰੁੱਤ ਦੌਰਾਨ ਪੱਤੇ ਝਾੜ ਦਿੰਦਾ ਹੈ, ਮਾਰਚ ਅਪਰੈਲ ਵਿੱਚ ਫਿਰ ਭਰ ਜਾਂਦਾ ਹੈ। ਮਈ ਜੂਨ ਵਿੱਚ ਹਰੀ ਸਫੈਦ ਭਾਅ ਮਾਰਦੇ ਫੁੱਲ ਰੁੱਖ ਉਤੇ ਵਿਖਾਈ ਦਿੰਦੇ ਹਨ, ਜੋ ਨਵੰਬਰ ਦਸੰਬਰ ਤੱਕ ਗੋਲਾਕਾਰ ਜਿਹੇ ਫਲਾਂ ਵਿੱਚ ਬਦਲ ਜਾਂਦੇ ਹਨ। ਭੂਰੇ ਕਾਲੇ ਰੰਗ ਦੇ ਗੁੱਛਿਆਂ ਵਿੱਚ ਲੱਗੇ ਫਲ ਅੰਦਾਜ਼ਨ ਦੋ ਮਹੀਨੇ ਲਟਕਦੇ ਵਿਖਾਈ ਦਿੰਦੇ ਹਨ। ਰੀਠੇ ਦੇ ਫਲ ਵਿੱਚ 2-3 ਬੀਜ ਹੁੰਦੇ ਹਨ, ਜੋ ਅਨੁਕੂਲ ਹਾਲਤਾਂ ਵਿੱਚ ਜ਼ਮੀਨ 'ਤੇ ਕਿਰ ਕੇ ਆਪਣੇ ਆਪ ਵੀ ਪੁੰਗਰ ਆਉਣ ਦੀ ਸਮਰੱਥਾ ਰੱਖਦੇ ਹਨ।

ਪੁਰਾਤਨ ਵੇਲਿਆਂ ਵਿੱਚ ਵੰਨ ਸੁਵੰਨੇ ਸ਼ੈਂਪੂ ਤੇ ਸਾਬਣ ਨਹੀਂ ਹੁੰਦੇ ਸਨ, ਲੋਕ ਸਿਰ ਅਤੇ ਕੱਪੜੇ ਆਦਿ ਧੋਣ ਲਈ ਰੀਠੇ ਦੀ ਵਰਤੋਂ ਕਰਦੇ ਸਨ, ਜੋ ਆਮ ਸਾਬਣ ਨਾਲੋਂ ਬਿਹਤਰ ਮੈਲ ਦੂਰ ਕਰ ਦਿੰਦੇ ਸਨ। ਅਜੋਕੇ ਯੁੱਗ ਵਿੱਚ ਵੀ ਨਾਮੀਂ ਕੰਪਨੀਆਂ ਸਾਬਣ, ਡਿਟਰਜੈਂਟ, ਸ਼ੈਂਪੂ ਆਦਿ ਬਣਾਉਣ ਲਈ ਰੀਠੇ ਵਿਚਲੇ ਸੈਪੋਨਿਨ ਦੀ ਵਰਤੋਂ ਕਰਦੀਆਂ ਹਨ। ਬੀਜਾਂ ਵਿੱਚੋਂ ਨਿਕਲਦਾ ਤੇਲ ਵੀ ਸਾਬਣ ਉਦਯੋਗ ਵਿੱਚ ਵਰਤਿਆ ਜਾਂਦਾ ਹੈ।

ਰੀਠੇ ਦੇ ਵੈਦਿਕ ਗੁਣ ਵੀ ਬਹੁਤ ਹਨ, ਜੋ ਆਯੁਰਵੈਦਿਕ ਪ੍ਰਣਾਲੀ ਵਿੱਚ ਖੂਬ ਵਰਤੇ ਜਾਂਦੇ ਹਨ। ਮੁੱਖ ਰੂਪ ਵਿੱਚ ਰੋਗਾਂ ਦੀ ਗੱਲ ਕਰੀਏ ਥਾਂ ਮਿਰਗੀ, ਕਫ, ਵਾਲਾਂ ਦੇ ਰੋਗ, ਬਵਾਸੀਰ, ਪੇਟ ਰੋਗ, ਔਰਤਾਂ ਦੇ ਗੁਪਤ ਰੋਗ, ਫੁਲਬਹਿਰੀ, ਅੱਖਾਂ ਦੀਆਂ ਬਿਮਾਰੀਆਂ ਆਦਿ ਦੇ ਇਲਾਜ ਲਈ ਰੀਠੇ ਵਰਤੇ ਜਾਂਦੇ ਹਨ। ਪੁਰਾਣੇ ਸਮੇਂ ਵਿੱਚ ਦਾਈਆਂ ਅਣਚਾਹੇ ਗਰਭ ਡੇਗਣ ਲਈ ਰੀਠੇ ਦੀ ਵਰਤੋਂ ਕਰਦੀਆਂ ਸਨ। ਰੀਠੇ ਨੂੰ ਸੱਪ ਜਾਂ ਬਿੱਛੂ ਦੇ ਜ਼ਹਿਰੀਲੇ ਡੰਗ ਵਾਲੇ ਥਾਂ ਲਾਇਆ ਜਾਂਦਾ ਹੈ।

ਕੁੱਲ ਮਿਲਾ ਕੇ ਰੀਠਾ ਮਨੁੱਖੀ ਜ਼ਿੰਦਗੀ ਲਈ ਲਾਭਕਾਰੀ ਸਿੱਧ ਹੁੰਦਾ ਹੈ। ਬਸ਼ਰਤੇ ਅਸੀਂ ਇਸ ਬਾਰੇ ਗਿਆਨ ਰੱਖਦੇ ਹੋਈਏ ਤੇ ਸਾਡੀ ਸੋਚ ਕੁਦਰਤ ਪੱਖੀ ਹੋਵੇ। ਤਰੱਕੀ ਦੀ ਪੌੜੀ ਚੜ੍ਹਨਾ ਸਮੇਂ ਦੀ ਲੋੜ ਹੈ, ਪਰ ਇਸ ਦੇ ਟੰਬੇ ਚੜ੍ਹਦਿਆਂ ਕੁਦਰਤ ਤੋਂ ਦੂਰ ਹੋਣਾ ਚੰਗੀ ਗੱਲ ਨਹੀਂ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਰੱਖਿਅਤ ਭਵਿੱਖ ਲਈ ਕੁਦਰਤ ਦੀਆ ਬਖਸ਼ੀਆਂ ਨਿਆਮਤਾਂ ਨੂੰ ਸੰਭਾਲਣਾ ਸਾਡਾ ਫਰਜ਼ ਹੈ।



# ਕਾਰੋਬਾਰੀ ਦੇ ਪੈਰ ਵਿੱਚ ਗੋਲੀ ਮਾਰ ਕੇ ਕਾਰ ਲੈ ਗਏ



ਜਲੰਧਰ, 19 ਮਾਰਚ (ਪੋਸਟ ਬਿਊਰੋ)- ਸੂਰਿਆ ਇਨਕਲੇਵ ਦੇ ਬਾਹਰ ਕੱਲ੍ਹ ਤੜਕੇ ਡੇਢ ਵਜੇ ਦੇ ਕਰੀਬ ਕਾਰ ਵਿੱਚ ਵਿਦੇਸ਼ ਤੋਂ ਆਏ ਦੋਸਤ ਨੂੰ ਘਰ ਛੱਡ ਕੇ ਵਾਪਸ ਜਾਂਦੇ ਕਾਰੋਬਾਰੀ ਨੂੰ ਕਾਰ 'ਚ ਆਏ ਤਿੰਨ ਲੁਟੇਰਿਆਂ ਨੇ ਪੈਰ ਵਿੱਚ ਗੋਲੀ ਮਾਰ ਕੇ ਕਾਰ ਖੋਹ ਲਈ। ਇਹੀ ਨਹੀਂ, ਜਾਂਦੇ ਹੋਏ ਲੁਟੇਰੇ ਉਸ ਦੀ ਜੇਬ 'ਚੋਂ ਪੰਜ ਹਜ਼ਾਰ ਰੁਪਏ ਅਤੇ ਮੋਬਾਈਲ ਫੋਨ ਵੀ ਲੈ ਗਏ। ਸੂਚਨਾ ਮਿਲਦੇ ਸਾਰ ਪੁਲਸ ਮੌਕੇ 'ਤੇ ਪਹੁੰਚੀ ਅਤੇ ਕੇਸ ਦਰਜ ਕਰ ਲਿਆ ਹੈ। ਕਾਰੋਬਾਰੀ ਨੂੰ ਜ਼ਖਮੀ ਹਾਲਤ 'ਚ ਪਟੇਲ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ।

ਇਸ ਸੰਬੰਧ ਵਿੱਚ ਪੀੜਤ ਕਾਰੋਬਾਰੀ ਵਰਿੰਦਰ ਸਿੰਘ ਰਾਣਾ ਪੁੱਤਰ ਹਰਭਜਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮਦਨ ਫਲੋਰ ਮਿੱਲ ਚੌਕ ਨੇੜੇ ਮੋਤੀ ਲਾਲ ਇੰਡਸਟਰੀ ਦੇ ਨਾਂਅ 'ਤੇ ਫੈਕਟਰੀ ਹੈ, ਜਿੱਥੇ ਕੰਪ੍ਰੈਸ਼ਰ ਬਣਾਏ ਜਾਂਦੇ ਹਨ। ਕੱਲ੍ਹ ਦੁਪਹਿਰ ਉਹ ਆਪਣੇ ਦੋਸਤ ਰਾਜੂ ਸ਼ਰਮਾ ਨੂੰ ਚੰਡੀਗੜ੍ਹ ਏਅਰਪੋਰਟ ਤੋਂ ਲੈਣ ਗਿਆ ਸੀ। ਰਾਤ ਜਦੋਂ ਉਹ ਕਰੀਬ ਡੇਢ ਵਜੇ ਸ਼ਹਿਰ ਵਿੱਚ ਦਾਖਲ ਹੋਏ ਤੇ ਲੰਮਾ ਪਿੰਡ ਵੱਲ ਜਾ ਰਹੇ ਸਨ, ਰਸਤੇ ਵਿੱਚ ਗੇਟ ਨੰਬਰ-ਇੱਕ ਦੇ ਬਾਹਰ ਪਿੱਛੋਂ ਇੱਕ ਤੇਜ਼ ਰਫਤਾਰ ਗੱਡੀ ਨੇ ਆ ਕੇ ਟੱਕਰ ਮਾਰ ਦਿੱਤੀ। ਜਦੋਂ ਉਨ੍ਹਾਂ ਨੇ ਕਾਰ ਸਾਈਡ ਉੱਤੇ ਲਾਈ ਤਾਂ ਪਿੱਛੋਂ ਗੁੱਸੇ ਵਿੱਚ ਇੱਕ ਨੌਜਵਾਨ ਗਾਲ੍ਹਾਂ ਕੱਢਦਾ ਆਇਆ ਅਤੇ ਬੰਦੂਕ ਕੱਢ ਲਈ। ਉਹ ਉਸ ਨੂੰ ਗੱਡੀ ਦਾ ਦਰਵਾਜ਼ਾ ਖੋਲ੍ਹਣ ਨੂੰ ਧਮਕਾਉਣ ਲੱਗਾ। ਇਸ ਦੌਰਾਨ ਲੁਟੇਰਿਆਂ ਨੇ ਉਸ ਨੂੰ ਕਾਲਰ ਤੋਂ ਫੜ ਕੇ ਬਾਹਰ ਕੱਢ ਲਿਆ ਅਤੇ ਇੱਕ ਹੋਰ ਨੌਜਵਾਨ ਕਾਰ 'ਚੋਂ ਬਾਹਰ ਆਇਆ ਤੇ ਉਹ ਉਸ ਨੂੰ ਜਬਰਨ ਪਿੱਛੇ ਵਾਲੀ ਸੀਟ 'ਤੇ ਬਿਠਾਉਣ ਲੱਗਾ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਉਸ ਦੇ ਪੈਰ 'ਤੇ ਗੋਲੀ ਮਾਰ ਦਿੱਤੀ। ਇਹ ਗੋਲੀ ਪੈਰ ਦੇ ਅੰਦਰ ਫਸੀ ਹੋਈ ਹੈ। ਜਦੋਂ ਇਹ ਘਟਨਾ ਵਾਪਰੀ ਤਾਂ ਰਸਤੇ ਵਿਚ ਬਸ ਕੋਚ ਬਾਡੀ ਬਿਲਡਿੰਗ ਫੈਕਟਰੀ ਦਾ ਇੱਕ ਮੁਲਾਜ਼ਮ, ਜੋ ਸਾਈਕਲ 'ਤੇ ਘਰ ਜਾ ਰਿਹਾ ਸੀ, ਨੂੰ ਰੋਕ ਕੇ ਸਾਰੀ ਕਹਾਣੀ ਦੱਸੀ। ਉਹ ਉਸ ਨੂੰ ਲੰਮਾ ਪਿੰਡ ਚੌਕ ਲੈ ਗਿਆ ਜਿੱਥੋਂ ਉਸ ਦੇ ਪਿਤਾ ਨੂੰ ਉਸ ਨੂੰ ਸਿਵਲ ਹਸਪਤਾਲ ਲੈ ਗਏ, ਪਰ ਹਾਲਤ ਖਰਾਬ ਹੋਣ ਕਾਰਨ ਉਸ ਨੂੰ ਪਟੇਲ ਹਸਪਤਾਲ ਰੈਫਰ ਕਰ ਦਿੱਤਾ।

# ਪੰਜਾਬ ਵਿੱਚ ਐਨ ਪੀ ਆਰ ਲਾਗੂ ਕਰਨ ਦਾ ਕੰਮ ਲੁਕਵੇਂ ਢੰਗ ਨਾਲ ਸ਼ੁਰੂ




ਜਲੰਧਰ, 19 ਮਾਰਚ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਬਿਨਾਂ ਸ਼ੱਕ ਇਸ ਰਾਜ ਅੰਦਰ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਹੋਏ ਨਾਗਰਿਕਤਾ ਸੋਧ ਕਾਨੂੰਨ, ਐਨ ਸੀ ਆਰ ਅਤੇ ਐਨ ਪੀ ਆਰ ਨੂੰ ਲਾਗੂ ਨਾ ਕਰਨ ਦਾ ਐਲਾਨ ਕੀਤਾ ਸੀ, ਪਰ ਬਾਕੀ ਦੇਸ਼ ਅੰਦਰ ਕੌਮੀ ਅਬਾਦੀ ਰਜਿਸਟਰ (ਐਨ ਪੀ ਆਰ) ਦੇ ਨਾਂਅ ਉੱਤੇ ਆਰੰਭ ਹੋ ਰਹੀ ਮਰਦਮ ਸ਼ੁਮਾਰੀ ਨੂੰ ਲਾਗੂ ਕਰਨ ਲਈ ਚੁੱਪ-ਚੁਪੀਤੇ ਤਿਆਰੀਆਂ ਆਰੰਭ ਕਰ ਦਿਤੀਆਂ ਗਈਆਂ ਹਨ।

ਭਾਰਤ ਦੇ ਗ੍ਰਹਿ ਮੰਤਰਾਲੇ ਹੇਠ ਕੰਮ ਕਰਦੇ ਰਜਿਸਟਰਾਰ ਜਨਰਲ ਅਤੇ ਮਰਦਮ ਸ਼ੁਮਾਰੀ ਕਮਿਸ਼ਨਰ ਵੱਲੋਂ ਕੌਮੀ ਅਬਾਦੀ ਰਜਿਸਟਰ ਨੂੰ ਨਵਿਆਉਣ ਲਈ ਜਾਰੀ ਕੀਤੀ ਗਈ ਰਿਕਾਰਡ ਸਮੱਗਰੀ ਪੰਜਾਬੀ ਵਿੱਚ ਛਾਪ ਕੇ ਇਸ ਕੰਮ ਲਈ ਨਾਮਜ਼ਦ ਪੰਜਾਬ ਸਰਕਾਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੁਚਾ ਦਿੱਤੀ ਹੈ। ਇਸ ਕੰਮ ਲਈ ਭਾਰਤ ਸਰਕਾਰ ਨੇ ਹਿਮਾਚਲ ਪ੍ਰਦੇਸ਼ ਦੇ ਆਈ ਏ ਐਸ ਅਧਿਕਾਰੀ ਅਭਿਸ਼ੇਕ ਜੈਨ ਨੂੰ ਡਾਇਰੈਕਟਰ ਨਿਯੁਕਤ ਕੀਤਾ ਅਤੇ ਐਡੀਸ਼ਨਲ ਚੀਫ ਸੈਕਟਰੀ, ਲੋਕਲ ਬਾਡੀਜ਼ ਸੰਜੇ ਕੁਮਾਰ ਨੂੰ ਨੋਡਲ ਅਫਸਰ ਬਣਾਇਆ ਹੈ। ਡਾਇਰੈਕਟਰ ਅਭਿਸ਼ੇਕ ਜੈਨ ਬੀਤੇ ਦਿਨੀਂ ਕੁਝ ਜ਼ਿਲ੍ਹਿਆਂ ਵਿੱਚ ਜਾ ਕੇ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਚੁੱਕੇ ਹਨ, ਪਰ ਨੋਡਲ ਅਫ਼ਸਰ ਸੰਜੇ ਕੁਮਾਰ ਨੇ ਛੇ ਮਾਰਚ ਨੂੰ ਜਾਰੀ ਕੀਤੇ ਪੱਤਰ ਵਿੱਚ ਲਿਖਿਆ ਹੈ ਕਿ 'ਪੰਜਾਬ ਸਰਕਾਰ ਨੇ ਭਾਰਤ ਦੀ ਮਰਦਮ ਸ਼ੁਮਾਰੀ ਦੇ ਪਹਿਲੇ ਪੜਾਅ ਵਿੱਚ ਘਰਾਂ ਦੀ ਸੂਚੀ ਅਤੇ ਘਰਾਂ ਦੀ ਮਰਦਮ ਸ਼ੁਮਾਰੀ 15 ਮਈ ਤੋਂ 29 ਜੂਨ 2020 ਤੱਕ ਕਰਨ ਦਾ ਫੈਸਲਾ ਕੀਤਾ ਹੈ, ਐਨ ਪੀ ਆਰ ਦਾ ਫੈਸਲਾ ਬਾਅਦ 'ਚ ਕੀਤਾ ਜਾਵੇਗਾ। ਇਸ ਸਮੇਂ ਇਸ ਬਾਰੇ ਕੋਈ ਕਾਰਵਾਈ ਨਾ ਕੀਤੀ ਜਾਵੇ। ਦੂਸਰੇ ਪਾਸੇ ਡਾਇਰੈਕਟਰ ਅਭਿਸ਼ੇਕ ਜੈਨ ਦਾ ਕਹਿਣਾ ਹੈ ਕਿ ਐਨ ਪੀ ਆਰ ਸਾਰੇ ਦੇਸ਼ ਵਿੱਚ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਨੇ ਵੀ ਇਸ ਨੂੰ ਲਾਗੂ ਕਰਨ ਤੋਂ ਇਨਕਾਰ ਨਹੀਂ ਕੀਤਾ, ਸਗੋਂ ਪੜਾਅ ਵਾਰ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਜੇ ਮੁਸ਼ਕਿਲ ਆਈ ਤਾਂ ਫਿਰ ਵਿਚਾਰਿਆ ਜਾਵੇਗਾ।

## ਪੰਜਾਬ ਵਿਧਾਨ ਸਭਾ 'ਚ ਪਾਸ ਹੋ ਚੁੱਕਾ ਹੈ ਐਨ ਪੀ ਆਰ ਵਿਰੁੱਧ ਮਤਾ

ਪੰਜਾਬ ਵਿਧਾਨ ਸਭਾ ਦੇ 16-17 ਜਨਵਰੀ 2020 ਦੇ ਵਿਸ਼ੇਸ਼ ਇਜਲਾਸ ਵਿੱਚ ਨਾਗਰਿਕਤਾ ਸੋਧ ਕਾਨੂੰਨ, ਐਨ ਸੀ ਆਰ ਅਤੇ ਐਨ ਪੀ ਆਰ ਵਿਰੁੱਧ ਮਤਾ ਪੇਸ਼ ਹੋਇਆ ਸੀ, ਜਿਸ ਨੂੰ ਸਰਕਾਰੀ ਅਤੇ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਸਹਿਮਤੀ ਨਾਲ ਪਾਸ ਕੀਤਾ ਸੀ ਤੇ ਅਕਾਲੀ-ਭਾਜਪਾ ਵਿਧਾਇਕ ਸਦਨ ਦਾ ਬਾਈਕਾਟ ਕਰ ਗਏ ਸਨ। ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਅਫ਼ਸਰਸ਼ਾਹੀ ਤੇ ਸਰਕਾਰ ਦੇ ਤਾਜ਼ਾ ਕਦਮ ਨੂੰ ਵਿਧਾਨ ਸਭਾ ਦੇ ਇਸ ਕਦਮ ਨੂੰ ਵਿਧਾਨ ਸਭਾ ਦੇ ਹਾਊਸ ਦੀ ਤੌਹੀਨ ਕਿਹਾ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਅਸਲੀ ਚਿਹਰਾ ਨੰਗਾ ਹੋ ਗਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ ਤੇ ਰਾਜ ਸਭਾ ਵਿੱਚ ਨਾਗਰਿਕਤਾ ਸੋਧ ਕਾਨੂੰਨ ਬਾਰੇ ਕੀਤੇ ਗਏ ਜੋਸ਼ੀਲੇ ਭਾਸ਼ਨਾਂ ਵਿੱਚ ਦਾਅਵਾ ਕੀਤਾ ਸੀ ਕਿ ਕੌਮੀ ਅਬਾਦੀ ਰਜਿਸਟਰ ਤਿਆਰ ਕਰਨ ਸਮੇਂ ਕਿਸੇ ਤੋਂ ਵੀ ਕੋਈ ਦਸਤਾਵੇਜ਼ ਨਹੀਂ ਮੰਗੇ ਜਾਣਗੇ, ਪਰ ਰਜਿਸਟਰ ਤਿਆਰ ਕਰਨ ਦੇ ਕਿਤਾਬਚੇ ਵਿੱਚ ਚਾਰ ਤਰ੍ਹਾਂ ਦੇ ਦਸਤਾਵੇਜ਼ ਮੰਗੇ ਗਏ ਹਨ। ਪਹਿਲਾ ਆਧਾਰ ਨੰਬਰ, ਦੂਜਾ ਮੋਬਾਈਲ ਨੰਬਰ, ਤੀਜਾ ਵੋਟਰ ਕਾਰਡ ਨੰਬਰ ਅਤੇ ਚੌਥਾ ਡਰਾਈਵਿੰਗ ਲਾਇਸੈਂਸ ਨੰਬਰ ਲਏ ਜਾਣ ਲਈ ਲਿਖਿਆ ਗਿਆ ਹੈ। ਹੇਠਾਂ ਨੋਟ ਵਿੱਚ ਲਿਖਿਆ ਹੈ ਕਿ ਪਰਵਾਰ ਦੇ ਹਰ ਮੈਂਬਰ ਲਈ ਉਪਰੋਕਤ ਪ੍ਰਕਿਰਿਆ ਅਪਣਾਈ ਜਾਵੇ। ਉਘੇ ਰਾਜਸੀ ਵਿਸ਼ਲੇਸ਼ਕ ਤੇ ਚਿੰਤਕ ਜੋਗਿੰਦਰ ਯਾਦਵ ਅਜਿਹੀ ਸਮੱਗਰੀ ਦੇ ਇਕੱਤਰ ਕਰਨ ਨੂੰ ਹੀ ਵਿਅਕਤੀ ਦੀ ਨਿੱਜਤਾ 'ਚ ਦਖ਼ਲ ਕਰਾਰ ਦਿੰਦੇ ਹਨ।

# ਫ਼ਰਜ਼ੀ ਐਨਕਾਊਂਟਰ ਕੇਸ ਵਿਚ ਐਸ ਆਈ ਟੀ ਨੇ ਜਾਂਚ ਕਰਨ ਲਈ ਮਨਜ਼ੂਰੀ ਮੰਗੀ



ਚੰਡੀਗੜ੍ਹ, 19 ਮਾਰਚ (ਪੋਸਟ ਬਿਊਰੋ)- ਖਾੜਕੂ ਗੁਰਨਾਮ ਸਿੰਘ ਬੰਡਾਲਾ ਨੂੰ ਲਗਭਗ 25 ਸਾਲ ਪਹਿਲਾਂ ਮੁਕਾਬਲੇ 'ਚ ਮਾਰ ਦੇਣ ਦੇ ਪੰਜਾਬ ਪੁਲਸ ਦੇ ਦਾਅਵੇ ਦੀ ਜਾਂਚ ਪੰਜਾਬ ਪੁਲਸ ਦੇ ਡੀ ਜੀ ਪੀ ਸਿਧਾਰਥ ਚੱਟੋਪਾਧਿਆਏ ਦੀ ਅਗਵਾਈ ਵਾਲੀ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਵੱਲੋਂ ਕੀਤੀ ਜਾ ਸਕਦੀ ਹੈ। ਗੁਰਨਾਮ ਸਿੰਘ ਬੰਡਾਲਾ ਦੇ ਨਾਂ ਉੱਤੇ ਸੁਖਪਾਲ ਸਿੰਘ ਨੂੰ ਕਤਲ ਕੀਤੇ ਜਾਣ ਦੇ ਕੇਸ ਦਾ ਜਾਂਚ ਕਰ ਰਹੇ ਡੀ ਜੀ ਪੀ ਚੱਟੋਪਾਧਿਆਏ ਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਅਰਜ਼ੀ ਦਾਇਰ ਕਰਕੇ ਇਸ ਫਰਜ਼ੀ ਪੁਲਸ ਮੁਕਾਬਲੇ ਦੀ ਜਾਂਚ ਲਈ ਮਨਜ਼ੂਰੀ ਮੰਗੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਪੁਲਸ ਨੇ ਸਾਲ 1994 'ਚ ਇੱਕ ਮੁਕਾਬਲੇ 'ਚ ਗੁਰਨਾਮ ਸਿੰਘ ਬੰਡਾਲਾ ਉਰਫ ਨੀਲਾ ਤਾਰਾ ਨੂੰ ਮਾਰਨ ਦਾ ਦਾਅਵਾ ਕੀਤਾ ਸੀ, ਪਰ ਉਹ ਬਾਅਦ ਵਿੱਚ ਜ਼ਿੰਦਾ ਮਿਲਿਆ ਸੀ। ਅਸਲ ਵਿੱਚ ਉਸ ਮੁਕਾਬਲੇ ਵਿੱਚ ਮਾਰੇ ਗਏ ਸੁਖਪਾਲ ਸਿੰਘ ਦੀ ਪਤਨੀ ਦਲਬੀਰ ਕੌਰ ਤੇ ਉਨ੍ਹਾਂ ਦੇ ਪਿਤਾ ਜਾਗੀਰ ਸਿੰਘ ਵੱਲੋਂ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ 'ਤੇ ਅੱਜਕੱਲ੍ਹ ਹਾਈ ਕੋਰਟ 'ਚ ਸੁਣਵਾਈ ਚੱਲ ਰਹੀ ਹੈ। ਹਾਈ ਕੋਰਟ 'ਚ ਦਾਇਰ ਕੀਤੀ ਸਟੇਟਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਐਸ ਆਈ ਟੀ ਨੇ ਗੁਰਨਾਮ ਸਿੰਘ ਬੰਡਾਲਾ ਦੇ ਬਿਆਨ ਦਰਜ ਕੀਤੇ ਹਨ। ਇਸ ਦੇ ਬਾਅਦ ਐਸ ਆਈ ਟੀ ਨੇ ਕਿਹਾ ਹੈ ਕਿ 29 ਜੁਲਾਈ 1994 ਨੂੰ ਸੁਖਪਾਲ ਸਿੰਘ ਦੀ ਗੁੰਮਸ਼ੁਦਗੀ ਬਾਰੇ ਦਰਜ ਕੀਤੇ ਕੇਸ ਦੀ ਜਾਂਚ ਲਈ ਬੰਡਾਲਾ ਦੇ ਅਖੌਤੀ ਐਨਕਾਊਂਟਰ ਦੀ ਜਾਂਚ ਕਰਨਾ ਵੀ ਜ਼ਰੂਰੀ ਹੈ। ਸੁਖਪਾਲ ਦੀ ਮੌਤ ਦੀ ਸੀ ਬੀ ਆਈ ਜਾਂਚ ਦੀ ਮੰਗ ਲੈ ਕੇ ਲਗੱਭਗ ਛੇ ਸਾਲ ਪਹਿਲਾਂ ਹਾਈ ਕੋਰਟ ਪਹੁੰਚੀ ਉਸ ਦੀ ਪਤਨੀ ਦਲਬੀਰ ਕੌਰ ਨੇ ਆਪਣੀ ਪਟੀਸ਼ਨ 'ਚ ਕਿਹਾ ਸੀ ਕਿ 1994 ਵਿੱਚ ਹੋਏ ਗੁਰਨਾਮ ਸਿੰਘ ਬੰਡਾਲਾ ਦੇ ਝੂਠੇ ਮੁਕਾਬਲੇ 'ਚ ਅਸਲ ਵਿੱਚ ਪੁਲਸ ਨੇ ਉਸ ਦੇ ਪਤੀ ਸੁਖਪਾਲ ਸਿੰਘ ਨੂੰ ਮਾਰ ਦਿੱਤਾ ਸੀ, ਕਿਉਂਕਿ ਗੁਰਨਾਮ ਸਿੰਘ ਬੰਡਾਲਾ ਨੂੰ ਪੁਲਸ ਨੇ ਬਾਅਦ ਵਿੱਚ ਜ਼ਿੰਦਾ ਗ੍ਰਿਫ਼ਤਾਰ ਕੀਤਾ ਸੀ। ਸੁਖਪਾਲ ਸਿੰਘ ਦੀ ਗੁੰਮਸ਼ੁਦਗੀ ਦੇ ਮਾਮਲੇ ਵਿੱਚ ਰੋਪੜ ਪੁਲਸ ਨੇ ਕੇਸ ਦਰਜ ਕੀਤਾ ਸੀ। ਉਹ ਰੋਪੜ ਨੇੜੇ ਪਿੰਡ ਕਾਲਾ ਅਫਗਾਨਾ ਦਾ ਵਾਸੀ ਸੀ। ਉਸ ਦੀ ਗੁੰਮਸ਼ੁਦਗੀ ਦੇ ਸਮੇਂ ਪਰਮਰਾਜ ਸਿੰਘ ਉਮਰਾਨੰਗਲ ਰੋਪੜ ਵਿੱਚ ਐਸ ਪੀ ਡਿਟੈਕਟਿਵ ਸਨ। ਦਲਬੀਰ ਕੌਰ ਦਾ ਦੋਸ਼ ਹੈ ਕਿ ਉਸ ਦੇ ਪਤੀ ਨੂੰ ਘਰੋਂ ਉਠਾ ਕੇ ਲਿਜਾਇਆ ਗਿਆ ਤੇ ਉਸ ਦੀ ਸੱਸ ਨੂੰ ਵੀ ਕਈ ਦਿਨਾਂ ਤੱਕ ਹਿਰਾਸਤ 'ਚ ਰੱਖਿਆ ਗਿਆ ਸੀ। ਹਾਈ ਕੋਰਟ ਨੇ ਬੀਤੇ ਅਪ੍ਰੈਲ ਵਿੱਚ ਇਸ ਮਾਮਲੇ ਦੀ ਜਾਂਚ ਲਈ ਉਚ ਪੱਧਰੀ ਐਸ ਆਈ ਟੀ ਬਣਾਉਣ ਦੇ ਨਿਰਦੇਸ਼ ਦਿੱਤੇ ਸਨ, ਜਿਸ ਵਿੱਚ ਡੀ ਜੀ ਪੀ ਸਿਧਾਰਥ ਚੱਟੋਪਾਧਿਆਏ ਦੇ ਨਾਲ ਏ ਡੀ ਜੀ ਪੀ ਗੁਰਪ੍ਰੀਤ ਕੌਰ ਦਿਓ ਅਤੇ ਆਈ ਜੀ, ਬੀ ਚੰਦਰਸ਼ੇਖਰ ਨੂੰ ਸ਼ਾਮਲ ਕੀਤਾ ਗਿਆ ਸੀ। ਚੱਟੋਪਾਧਿਆਏ ਨੇ ਬਾਅਦ 'ਚ ਸਹੂਲਤਾਂ ਦੀ ਕਮੀ ਕਾਰਨ ਇਹ ਜਾਂਚ ਕਰਨ 'ਚ ਅਸਮਰਥ ਹੋਣ ਬਾਰੇ ਕਿਹਾ ਸੀ। ਪੰਜਾਬ ਸਰਕਾਰ ਨੇ ਇਸ ਜਾਂਚ ਲਈ ਨਵੀਂ ਐਸ ਆਈ ਟੀ ਦਾ ਗਠਨ ਕੀਤੇ ਜਾਣ ਦਾ ਪ੍ਰਸਤਾਵ ਪੇਸ਼ ਕੀਤਾ ਸੀ ਪਰ ਹਾਈ ਕੋਰਟ ਨੇ ਚੱਟੋਪਾਧਿਆਏ ਨੂੰ ਹੀ ਇਹ ਜਾਂਚ ਪੂਰੀ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਕੇ ਐੱਲ ਐੱਫ ਦੇ ਮੁਖੀ ਦਾ ਨਾਂਅ ਕਟਾਉਣ ਲਈ ਐੱਨ ਆਈ ਏ ਵੱਲੋਂ ਅਰਜ਼ੀ ਦਾਇਰ

ਟਾਰਗੈਟ ਕਿਲਿੰਗ ਕੇਸ

ਮੋਹਾਲੀ, 19 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਹਿੰਦੂ ਨੇਤਾਵਾਂ ਦੀ ਟਾਰਗੈਟ ਕਿਲਿੰਗ ਮਾਮਲੇ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਨੇ ਪਾਕਿਸਤਾਨ ਵਿੱਚ ਮਾਰੇ ਗਏ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ ਐੱਲ ਐੱਫ) ਦੇ ਮੁਖੀ ਹਰਮੀਤ ਸਿੰਘ ਉਰਫ ਪੀ ਐੱਚ ਡੀ ਦਾ ਨਾਂਅ ਕੇਸ ਤੋਂ ਹਟਾਉਣ ਲਈ ਮੋਹਾਲੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਹੈ, ਪਰ ਅਦਾਲਤ ਨੇ ਐੱਨ ਆਈ ਏ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਹਰਮੀਤ ਦੀ ਡੈੱਥ ਵੈਰੀਫਿਕੇਸ਼ਨ ਰਿਪੋਰਟ ਪੇਸ਼ ਕਰੇ, ਜਿਸ ਨੇ ਐੱਨ ਆਈ ਏ ਨੂੰ ਕਸੂਤੀ ਸਥਿਤੀ 'ਚ ਫਸਾ ਦਿੱਤਾ ਹੈ। ਹਰਮੀਤ ਸਿੰਘ ਦੀ ਮੌਤ ਪਾਕਿਸਤਾਨ ਵਿੱਚ ਹੋਈ ਸੀ। ਸਵਾਲ ਇਹ ਖੜਾ ਹੋ ਗਿਆ ਹੈ ਕਿ ਉਥੋਂ ਉਸ ਦੀ ਡੈੱਥ ਵੈਰੀਫਿਕੇਸ਼ਨ ਰਿਪੋਰਟ ਕਿਵੇਂ ਲਿਆਂਦੀ ਜਾਵੇ।

ਵਰਨਣ ਯੋਗ ਹੈ ਕਿ ਪੰਜਾਬ ਵਿੱਚ ਟਾਰਗੈੱਟ ਕਿਲਿੰਗ ਦੌਰਾਨ ਆਰ ਐੱਸ ਐੱਸ ਲੀਡਰ ਬ੍ਰਿਗੇਡੀਅਰ ਜਗਦੀਸ਼ ਗਗਨੇਜਾ, ਸੁਲਤਾਨ ਮਸੀਹ ਅਤੇ ਕਈ ਹੋਰ ਲੋਕਾਂ ਦੀ ਹੱਤਿਆ ਹੋਈ ਸੀ। ਪੁਲਸ ਦੇ ਅਨੁਸਾਰ ਇਸ ਵਿੱਚ ਹਰਮੀਤ ਸਿੰਘ ਪੀ ਐੱਚ ਡੀ, ਹਰਦੀਪ ਸਿੰਘ ਸ਼ੇਰਾ, ਰਮਨਦੀਪ ਸਿੰਘ ਉਰਫ ਕੈਨੇਡੀਅਨ, ਅਨਿਲ ਕੁਮਾਰ ਉਰਫ ਕਾਲਾ, ਧਰਮਿੰਦਰ ਸਿੰਘ, ਗੁਰਜਿੰਦਰ ਸਿੰਘ ਉਰਫ ਸ਼ਾਸਤਰੀ, ਗੁਰਸ਼ਰਨਵੀਰ ਸਿੰਘ ਅਤੇ ਗੁਰਜੰਟ ਸਿੰਘ ਸ਼ਾਮਲ ਸਨ। ਗੁਰਜਿੰਦਰ ਸਿੰਘ ਉਰਫ ਸ਼ਾਸਤਰੀ, ਹਰਮੀਤ ਸਿੰਘ ਪੀ ਐੱਚ ਡੀ ਅਤੇ ਗੁਰਸ਼ਰਨਵੀਰ ਸਿੰਘ ਨੂੰ ਇਸ ਕੇਸ ਵਿੱਚ ਭਗੌੜਾ ਐਲਾਨ ਕਰ ਦਿੱਤਾ ਗਿਆ ਸੀ। ਪੰਜਾਬ ਵਿੱਚ ਕੁਝ ਸਮਾਂ ਪਹਿਲਾਂ ਟਾਰਗੈੱਟ ਕਿਲਿੰਗ ਦੇ ਕੇਸਾਂ ਦੀ ਜਾਂਚ ਐੱਨ ਆਈ ਏ ਕਰ ਰਹੀ ਹੈ ਅਤੇ ਉਸ ਨੇ ਜਦ ਕੇਸ ਨਾਲ ਜੁੜੀ ਚਾਰਜਸ਼ੀਟ ਅਦਾਲਤ ਵਿੱਚ ਫਾਈਲ ਕੀਤੀ ਤਾਂ ਪਾਕਿਸਤਾਨ ਵਿੱਚ ਰਹਿ ਰਹੇ ਹਰਮੀਤ ਉਰਫ ਪੀ ਐੱਚ ਡੀ ਦਾ ਨਾਂਅ ਦੋਸ਼ੀਆਂ ਵਿੱਚ ਸ਼ਾਮਲ ਕੀਤਾ ਸੀ। ਜਾਂਚ ਵਿੱਚ ਪਤਾ ਲੱਗਾ ਕਿ ਹਰਮੀਤ ਸਿੰਘ ਪੀ ਐੱਚ ਡੀ ਦੀ ਪਾਕਿਸਤਾਨ ਵਿੱਚ ਮੌਤ ਹੋ ਚੁੱਕੀ ਹੈ। ਇਸ ਦੇ ਬਾਅਦ ਐੱਨ ਆਈ ਏ ਉਸ ਦੇ ਨਾਂਅ ਨੂੰ ਕੇਸ ਤੋਂ ਹਟਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਹਰਮੀਤ ਸਿੰਘ ਉੱਤੇ ਐੱਨ ਆਈ ਏ ਨੇ ਦੋਸ਼ ਲਾਇਆ ਸੀ ਕਿ ਟਾਰਗੈੱਟ ਕਿਲਿੰਗ ਦੇ ਦੋਸ਼ੀਆਂ ਨੂੰ ਹਥਿਆਰਾਂ ਆਦਿ ਦੀ ਟਰੇਨਿੰਗ ਉਸ ਨੇ ਦਿੱਤੀ ਸੀ, ਪਰ ਇਸੇ ਦੌਰਾਨ ਜਨਵਰੀ ਵਿੱਚ ਹਰਮੀਤ ਉਰਫ ਪੀ ਐੱਚ ਡੀ ਦੀ ਮੌਤ ਦੀ ਖਬਰ ਆ ਗਈ। ਐੱਨ ਆਈ ਏ ਵੱਲੋਂ ਉਸ ਦਾ ਨਾਂਅ ਕੇਸ ਤੋਂ ਹਟਾਉਣ ਲਈ ਅਰਜ਼ੀ ਲਾਈ ਹੈ।

# ਪਾਕਿ ਗੁਰਦੁਆਰਾ ਕਮੇਟੀ ਵਾਲੇ ਕਲੰਡਰ ਨੂੰ ਅਕਾਲ ਤਖਤ ਵੱਲੋਂ ਮਾਨਤਾ ਮਿਲਣੀ ਅਸੰਭਵ

*** ਮਹੱਤਵਪੂਰਨ ਦਿਹਾੜੇ ਨਾਨਕਸ਼ਾਹੀ ਸੰਮਤ ਕਲੰਡਰ ਅਨੁਸਾਰ ਹੀ ਮਨਾਏ ਜਾਣ: ਜਥੇਦਾਰ**

ਅੰਮ੍ਰਿਤਸਰ, 19 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਸਾਲ 2020-21 ਵਿੱਚ ਆਉਣ ਵਾਲੇ ਗੁਰਪੁਰਬ, ਤਿਉਹਾਰ, ਸ਼ਹੀਦੀ ਦਿਹਾੜੇ ਅਤੇ ਸਿੱਖ ਧਾਰਮਿਕ ਸਮਾਰੋਹ ਮਨਾਉਣ ਦਾ ਐਲਾਨ ਕਰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨ ਹਰਪ੍ਰੀਤ ਸਿੰਘ ਤੋਂ ਉਕਤ ਕੈਲੰਡਰ ਨੂੰ ਮਾਨਤਾ ਦਿੱਤੇ ਜਾਣ ਦੀ ਕੀਤੀ ਅਪੀਲ ਦਾ ਮਨਜ਼ੂਰ ਹੋਣਾ ਸੰਭਵ ਨਹੀਂ ਰਿਹਾ।

ਇਸ ਸੰਬੰਧ ਵਿੱਚ ਪੀ ਐਸ ਜੀ ਪੀ ਸੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਮੂਲ ਨਾਨਕਸ਼ਾਹੀ ਕੈਲੰਡਰ ਦਾ ਪੱਖ ਲੈਂਦਿਆਂ ਕਿਹਾ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਉਕਤ ਕੈਲੰਡਰ ਨੂੰ ਮਾਨਤਾ ਦੇਣ ਨਾਲ ਸਿੱਖ ਭਾਈਚਾਰੇ ਨੂੰ ਧਾਰਮਿਕ ਦਿਹਾੜੇ ਦੋ-ਦੋ ਵਾਰ ਮਨਾਉਣ ਦੀ ਨੌਬਤ ਨਹੀਂ ਆਵੇਗੀ, ਪਰ ਪਿਸ਼ਾਵਰ ਦੀ ਸਿੱਖ ਸੰਗਤ ਨੇ ਸਪੱਸ਼ਟ ਕਿਹਾ ਹੈ ਕਿ ਪਾਕਿਸਤਾਨ ਦੇ ਸਿੱਖਾਂ ਦੀ ਬਹੁਤੀ ਆਬਾਦੀ ਇਸ ਸਮੇਂ ਸੂਬਾ ਖੈਬਰ ਪਖਤੂਨਖਵਾ 'ਚ ਹੈ ਅਤੇ ਉਹ ਸਭ ਧਾਰਮਿਕ ਸਮਾਰੋਹ ਤੇ ਗੁਰਪੁਰਬ ਸ਼ੁਰੂ ਤੋਂ ਸ੍ਰੀ ਅਕਾਲ ਤਖਤ ਵੱਲੋਂ ਜਾਰੀ ਹੁਕਮਾਂ ਹੇਠ ਨਾਨਕਸ਼ਾਹੀ ਸੰਮਤ ਕੈਲੰਡਰ ਅਨੁਸਾਰ ਮਨਾਉਂਦੇ ਮਨਾਉਂਦੇ ਰਹਿਣਗੇ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖਤ ਦੇ ਦਫਤਰ ਸਕੱਤਰੇਤ ਵਿਖੇ ਨਾਨਕਸ਼ਾਹੀ ਸੰਮਤ 552 (ਸੰਨ 2020-21) ਦਾ ਕੈਲੰਡਰ ਸੰਗਤ ਨੂੰ ਅਰਪਣ ਕਰਨ ਮੌਕੇ ਪੀ ਐੱਸ ਜੀ ਪੀ ਸੀ ਦੀ ਅਪੀਲ ਨੂੰ ਸਿਰੇ ਤੋਂ ਰੱਦ ਕਰ ਕੇ ਸਪੱਸ਼ਟ ਐਲਾਨ ਕਰ ਦਿੱਤਾ ਸੀ ਕਿ ਸਿੱਖ ਕੌਮ ਵੱਲੋਂ ਆਉਣ ਵਾਲੀਆਂ ਸ਼ਤਾਬਦੀਆਂ ਉਸੇ ਕੈਲੰਡਰ ਮੁਤਾਬਕ ਜਾਹੋ-ਜਲਾਲ ਨਾਲ ਮਨਾਈਆਂ ਜਾਣਗੀਆਂ। ਉਨ੍ਹਾਂ ਸੰਗਤ ਨੂੰ ਇਹ ਵੀ ਕਿਹਾ ਕਿ ਸਮੁੱਚੇ ਸਿੱਖ ਭਾਈਚਾਰੇ ਵੱਲੋਂ ਸਾਰੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ ਇਸ ਨਾਨਕਸ਼ਾਹੀ ਸੰਮਤ ਕੈਲੰਡਰ ਅਨੁਸਾਰ ਹੀ ਮਨਾਏ ਜਾਣ।

# ਗਰਲ ਫਰੈਂਡ ਨੂੰ ਘੁਮਾਉਣ ਲਈ ਚੋਰੀ ਕੀਤੇ ਤਿੰਨ ਮੋਟਰ ਸਾਈਕਲ ਸਮੇਤ ਵੇਟਰ ਗ੍ਰਿਫਤਾਰ



ਜਲੰਧਰ, 19 ਮਾਰਚ (ਪੋਸਟ ਬਿਊਰੋ)- ਗਰਲ ਫਰੈਂਡ ਨੂੰ ਇੰਪ੍ਰੈੱਸ ਕਰਨ ਲਈ ਵੱਖ-ਵੱਖ ਮੋਟਰ ਸਾਈਕਲ ਚੋਰੀ ਕਰਨ ਵਾਲੇ ਵੇਟਰ ਨੂੰ ਸਪੈਸ਼ਲ ਆਪਰੇਸ਼ਨ ਯੂਨਿਟ ਨੇ ਗ੍ਰਿਫਤਾਰ ਕੀਤਾ ਹੈ। ਉਸ ਕੋਲੋਂ ਕੁੱਲ ਤਿੰਨ ਮੋਟਰ ਸਾਈਕਲ ਮਿਲੇ ਹਨ, ਜੋ ਵੱਖ-ਵੱਖ ਥਾਵਾਂ ਤੋਂ ਚੋਰੀ ਕੀਤੇ ਸਨ। ਮੁਲਜ਼ਮ ਤੋਂ ਪੁੱਛਗਿੱਛ ਲਈ ਪੁਲਸ ਨੇ ਰਿਮਾਂਡ 'ਤੇ ਲਿਆ ਹੈ।

ਏ ਡੀ ਸੀ ਪੀ ਇਨਵੈਸਟੀਗੇਸ਼ਨ ਗੁਰਮੀਤ ਸਿੰਘ ਨੇ ਦੱਸਿਆ ਕਿ ਐਸ ਓ ਯੂ ਦੇ ਇੰਚਾਰਜ ਅਸ਼ਵਨੀ ਨੰਦਾ ਨੇ ਗੁਪਤ ਸੂਚਨਾ 'ਤੇ ਗਾਜ਼ੀ ਗੁੱਲਾ ਰੋਡ 'ਤੇ ਨਾਕਾਬੰਦੀ ਕੀਤੀ ਸੀ ਤਾਂ ਇੱਕ ਮੋਟਰ ਸਾਈਕਲ 'ਤੇ ਆ ਰਹੇ ਨੌਜਵਾਨ ਨੂੰ ਰੁਕਣ ਦਾ ਇਸ਼ਾਰਾ ਕੀਤਾ। ਚਾਲਕ ਨੇ ਮੋਟਰ ਸਾਈਕਲ ਭਜਾਉਣ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਉਕਤ ਮੋਟਰ ਸਾਈਕਲ ਨੂੰ ਰੋਕ ਲਿਆ ਅਤੇ ਜਦੋਂ ਮੋਟਰ ਸਾਈਕਲ ਦੇ ਦਸਤਾਵੇਜ਼ ਮੰਗੇ ਤਾਂ ਨੌਜਵਾਨ ਨਹੀਂ ਦਿਖਾ ਸਕਿਆ। ਸਖਤੀ ਨਾਲ ਪੁੱਛਗਿੱਛ ਕਰਨ 'ਤੇ ਪਤਾ ਲੱਗਾ ਕਿ ਉਕਤ ਮੋਟਰ ਸਾਈਕਲ ਚੋਰੀ ਦਾ ਹੈ। ਦੋਸ਼ੀ ਦੀ ਪਛਾਣ ਗੁਰਪ੍ਰੀਤ ਉਰਫ ਗੌਰਵ ਪੁੱਤਰ ਕਮਲ ਕਿਸ਼ਨ ਵਾਸੀ ਗਾਂਧੀ ਕੈਂਪ ਵਜੋਂ ਹੋਈ ਹੈ। ਪੁੱਛਗਿੱਛ ਵਿੱਚ ਉਸ ਦੀ ਨਿਸ਼ਾਨਦੇਹੀ 'ਤੇ ਦੋ ਹੋਰ ਚੋਰੀ ਦੇ ਮੋਟਰ ਸਾਈਕਲ ਬਰਾਮਦ ਹੋਏ। ਗੁਰਪ੍ਰੀਤ ਨੇ ਮੰਨਿਆ ਕਿ ਤਿੰਨੋਂ ਮੋਟਰ ਸਾਈਕਲ ਉਸ ਨੇ ਮਹਾਲਕਸ਼ਮੀ ਮੰਦਰ ਦੇ ਬਾਹਰੋਂ, ਜਲ ਵਿਲਾਸ ਪੈਲੇਸ ਦੇ ਬਾਹਰੋਂ ਅਤੇ ਬਸਤੀ ਬਾਵਾ ਖੇਲ ਇਲਾਕੇ ਤੋਂ ਚੋਰੀ ਕੀਤੇ ਸਨ। ਉਸ ਨੇ ਇਹ ਵੀ ਮੰਨਿਆ ਕਿ ਉਹ ਆਪਣੀ ਗਰਲ ਫਰੈਂਡ ਨੂੰ ਵੱਖ-ਵੱਖ ਮੋਟਰ ਸਾਈਕਲਾਂ 'ਤੇ ਘੁਮਾਉਣਾ ਚਾਹੁੰਦਾ ਸੀ, ਇਸ ਲਈ ਉਹ ਮੋਟਰ ਸਾਈਕਲ ਚੋਰੀ ਕਰਦਾ ਸੀ।

# ਰੰਜਸ਼ ਕਾਰਨ ਵਿਦਿਆਰਥੀਆਂ ਵੱਲੋਂ ਫਾਇਰਿੰਗ, ਮਹਿਲਾ ਹਲਾਕ



ਕਾਦੀਆਂ, 19 ਮਾਰਚ (ਪੋਸਟ ਬਿਊਰੋ)- ਨੇੜਲੇ ਪਿੰਡ ਹਰਚੋਵਾਲ ਦੇ ਖੇਤਾਂ ਵਿੱਚ ਰਹਿੰਦੇ ਪਰਵਾਰ ਉਤੇ ਪਿੰਡ ਦੇ ਹੀ ਕੁਝ ਨੌਜਵਾਨਾਂ ਨੇ ਨਾਜਾਇਜ਼ ਹਥਿਆਰਾਂ ਨਾਲ ਲੈਸ ਹੋ ਕੇ ਗੋਲੀਆਂ ਵਰ੍ਹਾਂ ਦਿੱਤੀਆਂ, ਜਿਸ ਕਾਰਨ ਪਰਾਵਰ ਦੀ ਮੁਖੀ ਜਸਬੀਰ ਕੌਰ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਹਮਲੇ ਵਿੱਚ ਘਰ ਦਾ ਮਾਲਕ ਨਿਰੰਜਕ ਸਿੰਘ, ਭਰਾ ਪ੍ਰਤਾਪ ਸਿੰਘ, ਭਰਜਾਈ ਨਰਿੰਦਰ ਕੌਰ ਅਤੇ ਭਤੀਜਾ ਸੁਖਮਨਪ੍ਰੀਤ ਸਿੰਘ ਵੀ ਜ਼ਖ਼ਮੀ ਹੋ ਗਏ। ਹਮਲੇ ਦਾ ਕਾਰਨ ਪੀੜਤ ਪਰਵਾਰ ਦੇ ਦੋ ਮੁੰਡਿਆਂ ਦਾ ਆਪਣੇ ਸਾਥੀ ਵਿਦਿਆਰਥੀਆਂ ਨਾਲ ਕਿਸੇ ਗੱਲੋਂ ਝਗੜਾ ਹੋਣਾ ਦੱਸਿਆ ਜਾ ਰਿਹਾ ਹੈ।

ਪਤਾ ਲੱਗਾ ਹੈ ਕਿ ਇਸ ਝਗੜੇ ਕਾਰਨ ਰੰਜਸ਼ ਕਾਫ਼ੀ ਵਧ ਗਈ ਸੀ ਤੇ ਪਹਿਲਾਂ ਵੀ ਦੋਵੇਂ ਧਿਰਾਂ ਆਹਮੋ-ਸਾਹਮਣੇ ਹੋਈਆਂ ਸਨ, ਪਰ ਕੁਝ ਲੋਕਾਂ ਦੇ ਵਿੱਚ ਪੈਣ ਨਾਲ ਮਸਲਾ ਸੁਲਝਾਇਆ ਗਿਆ ਸੀ। ਪੀੜਤ ਪਰਵਾਰ ਦੇ ਮੈਂਬਰਾਂ ਅਤੇ ਜ਼ਖ਼ਮੀਆਂ ਨੇ ਦੱਸਿਆ ਕਿ ਰਾਤ ਕਰੀਬ ਸਾਢੇ 10 ਵਜੇ ਕੁਝ ਨੌਜਵਾਨਾਂ ਨੇ ਉਨ੍ਹਾਂ ਦੇ ਘਰ ਅੰਦਰ ਦਾਖ਼ਲ ਹੋ ਕੇ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ। ਫਿਰ ਹਮਲਾਵਰਾਂ ਨੇ ਘਰ ਦੀ ਉੱਪਰਲੀ ਮੰਜ਼ਿਲ 'ਤੇ ਸੌਂ ਰਹੇ ਅਮਰਜੀਤ ਸਿੰਘ (ਜੋ ਵਿਦੇਸ਼ ਤੋਂ ਪਰਤਿਆ ਹੈ) ਅਤੇ ਉਸ ਦੀ ਪਤਨੀ ਤੇਜਪ੍ਰੀਤ ਕੌਰ ਉਤੇ ਹਮਲਾ ਕਰ ਦਿੱਤਾ ਪਰ ਉਹ ਇਸ ਹਮਲੇ ਵਿੱਚ ਵਾਲ-ਵਾਲ ਬਚ ਗਏ। ਇਸ ਪਿੱਛੋਂ ਹਮਲਾਵਰਾਂ ਨੇ ਵਾਪਸ ਮੁੜਦਿਆਂ ਅਮਰਜੀਤ ਸਿੰਘ ਦੀ ਮਾਂ ਜਸਬੀਰ ਕੌਰ ਉਰਫ਼ ਚਰਨਜੀਤ ਕੌਰ ਨੂੰ ਮਾਰ ਦਿੱਤਾ ਅਤੇ ਉਸ ਦੇ ਪਿਤਾ ਨਿਰੰਜਨ ਸਿੰਘ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਹਮਲਾਵਰਾਂ ਨੇ ਅਮਰਜੀਤ ਸਿੰਘ ਦੇ ਚਾਚਾ ਪ੍ਰਤਾਪ ਸਿੰਘ, ਚਾਚੀ ਨਰਿੰਦਰ ਕੌਰ ਅਤੇ ਚਚੇਰੇ ਭਰਾ ਸੁਖਮਨਪ੍ਰੀਤ ਨੂੰ ਵੀ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ। ਇਸ ਤੋਂ ਬਾਅਦ ਪਰਵਾਰ ਨੇ ਇਸ ਦੀ ਸੂਚਨਾ ਪੁਲੀਸ ਚੌਕੀ ਹਰਚੋਵਾਲ ਵਿੱਚ ਦਿੱਤੀ ਤਾਂ ਐਸ ਪੀ (ਡੀ) ਬਟਾਲਾ ਸੂਬਾ ਸਿੰਘ ਮੌਕੇ 'ਤੇ ਪਹੁੰਚੇ ਤੇ ਘਟਨਾ ਦਾ ਜਾਇਜ਼ਾ ਲਿਆ। ਮਿਲੀ ਜਾਣਕਾਰੀ ਅਨੁਸਾਰ ਹਮਲਵਾਰ ਅਪਰਾਧੀ ਕਿਰਦਾਰ ਵਾਲੇ ਹਨ ਅਤੇ ਉਹ ਇਲਾਕੇ ਦੇ ਬਦਨਾਮ ਮੁਜ਼ਰਮਾਂ ਅਤੇ ਗੈਂਗਸਟਰ ਟੋਲੇ ਨਾਲ ਨੇੜਤਾ ਰੱਖਦੇ ਹਨ।

ਸ੍ਰੀ ਹਰਗੋਬਿੰਦਪੁਰ ਥਾਣੇ ਦੇ ਮੁਖੀ ਬਲਕਾਰ ਸਿੰਘ ਨੇ ਦੱਸਿਆ ਕਿ ਅਮਰਜੀਤ ਸਿੰਘ ਦੀ ਸ਼ਿਕਾਇਤ ਉਤੇ ਚਾਰ ਦੋਸ਼ੀਆਂ ਲਖਵਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਹਰਚੋਵਾਲ, ਅੰਮ੍ਰਿਤਪਾਲ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਭਾਮ, ਮਲਕੀਤਾ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਹਰਚੋਵਾਲ ਅਤੇ ਸਾਹਿਲ ਵਾਸੀ ਹਰਚੋਵਾਲ ਅਤੇ ਸਾਹਿਲ ਵਾਸੀ ਭਾਮੜੀ ਤੇ ਡੇਢ ਦਰਜਨ ਅਣਪਛਾਤੇ ਵਿਅਕਤੀਆਂ ਉੱਤੇ ਕੇਸ ਦਰਜ ਕੀਤਾ ਹੈ। ਡੀ ਐਸ ਪੀ ਸੰਜੀਵ ਕੁਮਾਰ ਨੇ ਦੱਸਿਆ ਕਿ ਪੁਲਸ ਟੀਮ ਦੋਸ਼ੀਆਂ ਦੀ ਭਾਲ ਵਿੱਚ ਛਾਪੇ ਮਾਰ ਰਹੀ ਹੈ ਅਤੇ ਜਲਦੀ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਐੱਚ ਡੀ ਐੱਫ ਸੀ ਦੇ ਸਾਬਕਾ ਮੈਨੇਜਰ ਨੇ ਜੱਜਾਂ ਤੇ ਹੋਰ ਲੋਕਾਂ ਤੋਂ 6.60 ਕਰੋੜ ਠੱਗੇ




ਚੰਡੀਗੜ੍ਹ, 19 ਮਾਰਚ (ਪੋਸਟ ਬਿਊਰੋ)- ਐੱਚ ਡੀ ਐੱਫ ਸੀ ਬੈਂਕ ਦੇ ਸਾਬਕਾ ਸੀਨੀਅਰ ਮੈਨੇਜਰ ਨੇ ਦੋ ਜੱਜਾਂ ਸਮੇਤ 12 ਲੋਕਾਂ ਨਾਲ ਛੇ ਕਰੋੜ 60 ਲੱਖ 75 ਹਜ਼ਾਰ ਰੁਪਏ ਦੀ ਠੱਗੀ ਕਰ ਦਿੱਤੀ ਹੈ। ਪੁਲਸ ਨੇ ਸਾਜ਼ਿਸ਼ ਦੇ ਤਹਿਤ ਧੋਖਾਧੜੀ ਕਰਨ ਦੀ ਧਾਰਾ ਦੇ ਤਹਿਤ ਕੇਸ ਦਰਜ ਕੀਤਾ ਅਤੇ ਜਾਂਚ ਕਰ ਰਹੀ ਹੈ। ਦੋਸ਼ੀ ਦੀ ਪਛਾਣ ਸੌਰਵ ਘੋਸ਼ ਦੇ ਰੂਪ ਵਿੱਚ ਹੋਈ ਹੈ। ਪੁਲਸ ਨੇ ਇਸ ਵਿੱਚ ਹੋਰਨਾਂ ਦੇ ਖਿਲਾਫ ਵੀ ਕੇਸ ਦਰਜ ਕੀਤਾ ਹੈ, ਪਰ ਉਨ੍ਹਾਂ ਦਾ ਨਾਂਅ ਸ਼ਾਮਲ ਨਹੀਂ ਕੀਤਾ ਹੈ। ਜੇ ਜਾਂਚ ਦੌਰਾਨ ਹੋਰਨਾਂ ਦਾ ਨਾਂਅ ਆਉਂਦਾ ਹੈ ਤਾਂ ਪੁਲਸ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਸਕਦੀ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਐਚ ਡੀ ਐਫ ਸੀ ਦੇ ਐੱਮ ਡੀ ਆਦਿਤਿਆ ਪੁਰੀ, ਨਾਰਥ ਇੰਡੀਆ ਦੇ ਹੈੱਡ ਵਿਕਾਸ ਬਹਿਲ, ਕਲਸਟਰ ਹੈੱਡ ਸੰਜੀਵ ਕੌਸ਼ਿਕ, ਗਰੇਟਰ ਕੈਲਾਸ਼-1 ਨਵੀਂ ਦਿੱਲੀ ਵਾਲੇ ਬ੍ਰਾਂਚ ਮੈਨੇਜਰ ਰਿਸ਼ੀ ਨੰਦਾ ਦੇ ਨਾਲ ਸੀਨੀਅਰ ਮੈਨੇਜਰ ਸੌਰਵ ਘੋਸ਼, ਉਸ ਦੀ ਪਤਨੀ ਮੁਨਮੁਨ ਘੋਸ਼, ਬੈਂਕ ਮੁਲਾਜ਼ਮ ਐਂਟਨੀ ਐਲਫਰੈੱਡ ਰੋਡਰਿਗਜ਼, ਨਰੇਸ਼ ਕੁਮਾਰ, ਸਿਧਾਰਥ, ਐੱਚ ਡੀ ਐੱਫ ਸੀ ਦੇ ਕਾਰਮਚਾਰੀ ਮੁਹੰਮਦ ਵਸੀਮ ਅਤੇ ਇਸ਼ਤਿਆਕ ਅਹਿਮਦ ਉੱਤੇ ਠੱਗੀ ਦੇ ਦੋਸ਼ ਲਾਏ ਗਏ ਹਨ। ਪੁਲਸ ਨੇ ਸ਼ੁਰੂ ਦੀ ਜਾਂਚ ਪਿੱਛੋਂ ਸੌਰਵ ਘੋਸ਼ ਅਤੇ ਹੋਰਨਾਂ ਦੇ ਖਿਲਾਫ ਕਾਰਵਾਈ ਕੀਤੀ ਹੈ। ਇਸ ਬਾਰੇ ਸ਼ਿਕਾਇਤ ਕਰਤਾ ਸੈਕਟਰ 27 ਦੇ ਵਸਨੀਕ ਕੁਲਦੀਪ ਸਿੰਘ ਗਰੇਵਾਲ ਨੇ ਸੈਕਟਰ 9 ਨੇ ਪੁਲਸ ਨੂੰ ਦੱਸਿਆ ਸੀ ਕਿ ਦੋਸ਼ੀਆਂ ਨੇ ਉਸ ਦੇ ਪਰਵਾਰ, ਰਿਸ਼ਤੇਦਾਰ ਅਤੇ ਉਨ੍ਹਾਂ ਦੇ ਜਾਣਕਾਰਾਂ ਦੇ ਨਾਲ ਕਰੋੜਾਂ ਰੁਪਏ ਦੀ ਠੱਗੀ ਕੀਤੀ ਹੈ। ਓਦੋਂ ਦੇ ਸੀਨੀਅਰ ਮੈਨੇਜਰ ਸੌਰਵ ਘੋਸ਼ ਨੇ ਐਚ ਡੀ ਐਫ ਸੀ ਬੈਂਕ ਵਿੱਚ 27 ਅਕਤੂਬਰ 2014 ਨੂੰ ਰਿਲੇਸ਼ਨਸ਼ਿਪ ਮੈਨੇਜਰ ਦਾ ਅਹੁਦਾ ਸੰਭਾਲਿਆ ਸੀ। ਸੌਰਵ ਨਾਲ ਉਸ ਦੀ ਮੁਲਾਕਾਤ ਜਸਟਿਸ ਰਣਜੀਤ ਸਿੰਘ ਦੇ ਰਾਹੀਂ ਹੋਈ ਸੀ। ਨਵੀਂ ਦਿੱਲੀ ਦੇ ਗਰੇਟਰ ਕੈਲਾਸ਼-1 ਦੀ ਬੈਂਕ ਵਿੱਚ ਉਸ ਨੇ ਸੌਰਵ ਦੇ ਉਕਸਾਵੇ ਵਿੱਚ ਆਣ ਕੇ 44 ਲੱਖ ਰੁਪਏ ਨਾਲ ਖਾਤਾ ਖੋਲ੍ਹਿਆ ਸੀ। ਬੈਂਕ ਸਟੇਟਮੈਂਟ ਵਿੱਚ ਉਸ ਦੇ ਖਾਤੇ ਵਿੱਚ 30 ਲੱਖ ਰੁਪਏ ਸ਼ਾਈਨ ਇੰਟਰਪ੍ਰਾਈਜ਼ਿਜ਼ ਨੂੰ ਭੇਜੇ ਗਏ ਸਨ, ਇਸ ਦੇ ਬਾਰੇ ਸੌਰਵ ਨੇ ਦੱਸਿਆ ਸੀ ਕਿ ਪੈਸੇ ਫਿਨਕੈਪ ਇੰਟਰਨੈਸ਼ਨਲ ਵਿੱਚ ਜਮ੍ਹਾ ਕਰਾਏ ਹਨ ਅਤੇ ਇਸ ਦਾ 20 ਫੀਸਦੀ ਤੱਕ ਵਿਆਜ਼ ਮਿਲੇਗਾ। ਏਸੇ ਤਰ੍ਹਾਂ ਬਿਨਾਂ ਜਾਣਕਾਰੀ ਦੇ ਸੌਰਵ ਨੇ ਉਨ੍ਹਾਂ ਦੇ ਖਾਤੇ ਵਿੱਚੋਂ ਕਈ ਵਾਰੀ 52.50 ਲੱਖ ਰੁਪਏ ਦੀ ਠੱਗੀ ਕੀਤੀ ਸੀ। ਪੁਲਸ ਦੇ ਅਨੁਸਾਰ ਸੌਰਵ ਨੇ ਆਪਣੇ ਫਾਇਦੇ ਲਈ ਗ੍ਰਾਹਕਾਂ ਦੇ ਪੈਸੇ ਨਾਲ ਜੂਆ ਖੇਡਣ ਲਈ ਆਪਣੀ ਫਿਨਕੈਪ ਇੰਟਰਨੈਸ਼ਨਲ ਕੰਪਨੀ ਬਣਾ ਰੱਖੀ ਸੀ।

## ਸੁਤੇ ਪਏ ਪੋਲਟਰੀ ਫਾਰਮ ਮਾਲਕ ਦਾ ਕਤਲ

ਧਾਰੀਵਾਲ, 19 ਮਾਰਚ (ਪੋਸਟ ਬਿਊਰੋ)- ਧਾਰੀਵਾਲ ਨੇੜਲੇ ਪਿੰਡ ਸਿੱਧਵਾਂ ਵਿਖੇ ਅਣਪਛਾਤੇ ਬੰਦਿਆਂ ਨੇ ਤੇਜ਼ ਧਾਰ ਹਥਿਆਰਾਂ ਨਾਲ ਇੱਕ ਪੋਲਟਰੀ ਫਾਰਮ ਦੇ ਮਾਲਕ ਦੀ ਹੱਤਿਆ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਅਜੈਬ ਸਿੰਘ (65) ਪੁੱਤਰ ਮੂਲਾ ਸਿੰਘ ਪਿੰਡ ਸਿੱਧਵਾਂ ਰਾਤ ਆਪਣੇ ਪੋਲਟਰੀ ਫਾਰਮ 'ਚ ਸੁੱਤਾ ਹੋਇਆ ਸੀ। ਜਦੋਂ ਉਸ ਦੀ ਪਤਨੀ ਉਸ ਨੂੰ ਸਵੇਰੇ ਉਠਾਉਣ ਲਈ ਗਈ ਤਾਂ ਦੇਖਿਆ ਕਿ ਅਜੈਬ ਸਿੰਘ ਦੇ ਗੰਭੀਰ ਸੱਟਾਂ ਲੱਗੀਆਂ ਹੋਈਆਂ ਸਨ। ਉਸ ਨੇ ਰੌਲਾ ਪਾ ਕੇ ਪਰਵਾਰਕ ਮੈਂਬਰਾਂ ਨੂੰ ਸੱਦਿਆ। ਜਾਂਚ 'ਚ ਪਤਾ ਲੱਗਾ ਕਿ ਅਜੈਬ ਸਿੰਘ ਦਾ ਕਤਲ ਕਰ ਦਿੱਤਾ ਹੈ।

# ਵਿਆਹ 'ਚ ਕਤਲ ਕਰਨ ਵਾਲਾ ਫੜ੍ਹਿਆ ਗਿਆ

ਮਾਲੇਰਕੋਟਲਾ, 19 ਮਾਰਚ (ਪੋਸਟ ਬਿਊਰੋ)- 25 ਨਵੰਬਰ 2019 ਨੂੰ ਮਾਲੇਰਕੋਟਲਾ ਦੇ ਲੁਧਿਆਣਾ-ਪਟਿਆਲਾ ਮੁੱਖ ਮਾਰਗ 'ਤੇ ਜਰਗ ਚੌਕ ਵਿਖੇ ਨਿਊ ਰਾਣੀ ਪੈਲੇਸ ਵਿਖੇ ਵਿਆਹ ਦੌਰਾਨ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਤਲ ਕੀਤੇ ਅਬਦੂਲ ਰਸ਼ੀਦ ਉਰਫ ਘੁੱਦੂ ਦੇ ਕੇਸ ਦਾ ਮੁੱਖ ਦੋਸ਼ੀ ਦਿੱਲੀ ਤੋਂ ਦੋ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਲ੍ਹਾ ਪੁਲਸ ਮੁਖੀ ਡਾ. ਸੰਦੀਪ ਗਰਗ ਨੇ ਦੱਸਿਆ ਕਿ 25 ਨਵੰਬਰ 2019 ਨੂੰ ਮੁਹੰਮਦ ਯਾਮੀਨ ਉਰਫ ਬੌਬੀ ਪੁੱਤਰ ਮੁਹੰਮਦ ਸਦੀਕ ਵਾਸੀ ਨੇੜੇ ਵੱਡੀ ਈਦਗਾਹ ਮਾਲੇਰਕੋਟਲਾ ਦੇ ਭਰਾ ਦੇ ਵਿਆਹ ਦੀ ਰਿਸੈਪਸ਼ਨ ਪਾਰਟੀ ਚੱਲ ਰਹੀ ਸੀ ਤਾਂ ਰਾਤ ਕਰੀਬ 8.15 ਵਜੇ ਮੁਹੰਮਦ ਯਾਮੀਨ ਉਰਫ਼ ਬੌਬੀ ਅਤੇ ਉਸ ਦਾ ਭਰਾ ਅਬਦੁਲ ਰਸੀਦ ਉਰਫ਼ ਘੁੱਦੂ ਰਿਸ਼ਤੇਦਾਰਾਂ ਦੇ ਸਵਾਗਤ ਲਈ ਸਵਾਗਤੀ ਗੇਟ 'ਤੇ ਖੜ੍ਹੇ ਸਨ। ਇਸ ਦੌਰਾਨ ਤਿੰਨ ਅਣਪਛਾਤੇ ਬੰਦੇ, ਜੋ ਮੇਨ ਗੇਟ ਵਾਲੇ ਪਾਸਿਓਂ ਆਏ, ਨੇ ਮੁਹੰਮਦ ਯਾਮੀਨ ਉਰਫ਼ ਬੌਬੀ ਦੇ ਭਰਾ ਅਬਦੁਲ ਰਸੀਦ ਉਰਫ਼ ਘੁੱਦੂ 'ਤੇ ਅੰਨ੍ਹਵਾਹ ਗੋਲੀਆਂ ਚਲਾ ਕੇ ਉਸ ਦਾ ਕਤਲ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਕਤਲ ਦਾ ਕਾਰਨ ਇਹ ਦੱਸਿਆ ਗਿਆ ਸੀ ਕਿ ਬੱਗਾ ਖ਼ਾਨ ਉਰਫ਼ ਬੂਟਾ ਖ਼ਾਨ, ਗਾਹੀਆ ਖ਼ਾਨ ਦੀ ਅਬਦੁਲ ਰਸੀਦ ਉਰਫ਼ ਘੁੱਦੂ ਗਰੁੱਪ ਨਾਲ ਦੁਸਮਣੀ ਚੱਲੀ ਆ ਰਹੀ ਸੀ। ਗਾਹੀਆਂ ਖ਼ਾਨ ਦੀ ਪਤਨੀ ਨਾਲ ਘੁੱਦੂ ਤੇ ਉਸਦੇ ਸਾਥੀਆਂ ਨੇ ਕੁੱਟਮਾਰ ਕੀਤੀ ਸੀ, ਜਿਸ ਕਾਰਨ ਉਸਦਾ ਅਬੌਰਸ਼ਨ ਹੋ ਗਿਆ ਸੀ। ਇਸੇ ਕਰਕੇ ਇਹ ਕਤਲ ਹੋਇਆ ਸੀ, ਜਿਸ ਬਾਰੇ ਮ੍ਰਿਤਕ ਦੇ ਭਰਾ ਮੁਹੰਮਦ ਯਾਮੀਨ ਉਰਫ਼ ਬੌਬੀ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਸ਼ਹਿਰੀ-1 ਮਾਲੇਰਕੋਟਲਾ ਵਿਖੇ ਬੱਗਾ ਖ਼ਾਨ ਉਰਫ਼ ਬੂਟਾ ਖ਼ਾਨ ਵਾਸੀ ਤੱਖਰ ਖੁਰਦ, ਗਾਹੀਆ ਖ਼ਾਨ ਵਾਸੀ ਮਤੋਈ ਥਾਣਾ ਸਦਰ ਅਹਿਮਦਗੜ੍ਹ ਤੇ ਫਰਾਜ਼ ਅਹਿਮਦ ਵਾਸੀ ਮਾਲੇਰਕੋਟਲਾ ਅਤੇ 4/5 ਅਣਪਛਾਤਿਆਂ ਉਤੇ ਕੇਸ ਦਰਜ ਕੀਤਾ ਗਿਆ ਸੀ।



## ਪਾਕਿਸਤਾਨ ਤੋਂ ਪਰਤੇ 43 ਲੋਕਾਂ ਨੂੰ ਆਈਸੋਲੇਸ਼ਨ ਵਿੱਚ ਰੱਖਿਆ

ਅੰਮ੍ਰਿਤਸਰ, 19 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪ੍ਰੀਮੀਅਰ ਲੀਗ ਕਵਰ ਕਰਨ ਗਈ ਡੀ ਸਪੋਰਟ ਦੀ ਟੀਮ ਦੇ 29 ਮੈਂਬਰਾਂ ਨੂੰ ਪਰਤਣ ਉੱਤੇ ਮੈਡੀਕਲ ਕਾਲਜ ਦੇ ਰੀ-ਹੈਬ ਵਿੱਚ ਰੱਖਿਆ ਗਿਆ ਹੈ। ਵਾਹਗਾ ਸਰਹੱਦ ਰਸਤੇ ਭਾਰਤ ਆਏ 14 ਵਿਦਿਆਰਥੀਆਂ, ਜੋ ਪਾਕਿਸਤਾਨ ਵਿੱਚ ਪੜ੍ਹਨ ਗਏ ਸਨ, ਨੂੰ ਵੀ ਏਥੇ ਰੱਖਿਆ ਗਿਆ ਹੈ।

ਡੀ ਸਪੋਰਟ ਦੀ ਟੀਮ ਦੇ ਮੈਂਬਰ 18 ਫਰਵਰੀ ਨੂੰ ਦੁਬਈ ਰਸਤੇ ਪਾਕਿ-ਸਤਾਨ ਗਏ ਸਨ। ਬੀਤੀ ਦੇਰ ਰਾਤ ਭਾਰਤ ਸਰਕਾਰ ਦੀ ਮਨਜ਼ੂਰੀ ਪਿੱਛੋਂ ਉਹ ਅਟਾਰੀ ਸਰਹੱਦ ਦੇ ਰਸਤੇ ਭਾਰਤ ਪਹੁੰਚੇ ਸਨ। ਇਨ੍ਹਾਂ ਨੂੰ 24 ਘੰਟਿਆਂ ਦੇ ਵਾਸਤੇ ਆਈਸੋਲੇਸ਼ਨ ਵਾਰਡ ਵਿੱਚ ਰੱਖਿਆ ਜਾਵੇਗਾ ਤੇ ਇਸ ਤੋਂ ਬਾਅਦ ਵੀ ਇਨ੍ਹਾਂ ਦੀ ਨਿਗਰਾਨੀ ਰੱਖੀ ਜਾਵੇਗੀ।

ਦੁਬਈ ਦੇ ਰਸਤੇ ਪਾਕਿਸਤਾਨ ਗਈ ਡੀ ਸਪੋਰਟ ਦੀ ਟੀਮ ਕੋਲ ਵਾਇਆ ਦੁਬਈ ਦਾ ਭਾਰਤ ਆਉਣ ਦਾ ਵੀਜ਼ਾ ਸੀ, ਇਹ ਲੋਕ ਵਾਹਗਾ-ਅਟਾਰੀ ਰਸਤੇ ਭਾਰਤ ਵਿੱਚ ਦਾਖ਼ਲ ਨਹੀਂ ਹੋ ਸਕਦੇ ਸੀ, ਪਰ ਦੇਰ ਰਾਤ ਤਕ ਭਾਰਤ ਸਰਕਾਰ ਨੇ ਇਨ੍ਹਾਂ ਨੂੰ ਅਟਾਰੀ ਦੇ ਰਸਤੇ ਭਾਰਤ ਆਉਣ ਦੀ ਮਨਜ਼ੂਰੀ ਦੇ ਦਿੱਤੀ। ਇਸ ਦੇ ਨਾਲ ਪਾਕਿਸਤਾਨ ਵਿੱਚ ਪੜ੍ਹਾਈ ਕਰਨ ਗਏ 14 ਵਿਦਿਆਰਥੀ ਵੀ ਅਟਾਰੀ ਸਰਹੱਦ ਰਾਹੀਂ ਭਾਰਤ ਪਰਤੇ। ਇਮੀਗਰੇਸ਼ਨ ਅਤੇ ਕਸਟਮ ਚੈੱਕ ਤੋਂ ਬਾਅਦ ਦੇਰ ਰਾਤ ਸਰਹੱਦ ਤੋਂ ਇਨ੍ਹਾਂ ਸਾਰਿਆਂ ਨੂੰ ਸਵਾਮੀ ਵਿਵੇਕਾਨੰਦ ਡਰੱਗ ਡੀ-ਐਡੀਕਸ਼ਨ ਸੈਂਟਰ ਅਤੇ ਮੁੜ ਵਸੇਬਾ ਕੇਂਦਰ ਵਿੱਚ ਬਣਾਏ ਆਈਸੋਲੇਸ਼ਨ ਵਾਰਡ ਵਿੱਚ ਲਿਆਂਦਾ ਗਿਆ, ਜਿੱਥੇ ਡਾਕਟਰਾਂ ਦੀ ਟੀਮ ਨੇ ਇਨ੍ਹਾਂ ਦੀ ਜਾਂਚ ਕੀਤੀ। ਮੁੱਢਲੀ ਜਾਂਚ ਵਿੱਚ ਇਨ੍ਹਾਂ ਵਿੱਚੋਂ ਕਿਸੇ ਵੀ ਯਾਤਰੀ ਵਿੱਚ ਕੋਰੋਨਾ ਵਾਇਰਸ ਦੇ ਲੱਛਣ ਨਹੀਂ ਮਿਲੇ।

ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਦੀ ਅਗਲੇ 24 ਘੰਟਿਆਂ ਤਕ ਨਿਗਰਾਨੀ ਕੀਤੀ ਜਾਵੇਗੀ। ਇਸ ਤੋਂ ਬਾਅਦ ਜੇ ਕਿਸੇ ਵਿੱਚ ਕੋਰੋਨਾ ਦੇ ਲੱਛਣ ਮਿਲਦੇ ਹਨ ਤਾਂ ਉਨ੍ਹਾਂ ਦੇ ਸੈਂਪਲ ਜਾਂਚ ਲਈ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਇਕ ਪਾਸੇ ਜਿੱਥੇ ਇਨ੍ਹਾਂ ਦੀ ਕੌਂਸਲਿੰਗ ਕੀਤੀ ਜਾ ਰਹੀ ਹੈ, ਓਥੇ ਦੂਜੇ ਪਾਸੇ ਉਨ੍ਹਾਂ ਦਾ ਸਮਾਂ ਚੰਗੀ ਤਰ੍ਹਾਂ ਬੀਤੇ, ਇਸ ਦੇ ਲਈ ਉਨ੍ਹਾਂ ਨੂੰ ਖੇਡਣ ਲਈ ਬੈਡਮਿੰਟਨ, ਕੈਰਮ ਬੋਰਡ ਅਤੇ ਹੋਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

# ਰਾਜ ਸਭਾ ਚੋਣਾਂ ਵਿਚ ਦੀਪੇਂਦਰ ਸਿੰਘ ਹੁੱਡਾ, ਸ਼ਰਦ ਪਵਾਰ, ਤੁਲਸੀ ਅਤੇ ਹੋਰ ਲੋਕ ਬਿਨਾਂ ਮੁਕਾਬਲਾ ਜੇਤੂ ਕਰਾਰ

ਨਵੀਂ ਦਿੱਲੀ, 19 ਮਾਰਚ (ਪੋਸਟ ਬਿਊਰੋ)- ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਦੀਆਂ ਚੋਣਾਂ ਲਈ 17 ਰਾਜਾਂ ਦੀ ਨਾਮਜ਼ਦਗੀ ਵਾਪਸ ਲੈਣ ਦੀ ਸਮਾਂ ਹੱਦ ਖਤਮ ਹੋਣ ਮਗਰੋਂ ਕੱਲ੍ਹ ਰਾਜ ਸਭਾ ਦੇ ਉਪ ਸਭਾਪਤੀ ਹਰੀਵੰਸ਼, ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ, ਦਿਨੇਸ਼ ਤ੍ਰਿਵੇਦੀ ਅਤੇ ਕਾਂਗਰਸ ਉਮੀਦਵਾਰ ਦੀਪੇਂਦਰ ਸਿੰਘ ਹੁੱਡਾ ਸਣੇ ਕਈ ਜਣੇ ਬਿਨਾਂ ਵਿਰੋਧ ਜੇਤੂ ਐਲਾਨ ਕਰ ਦਿੱਤੇ ਗਏ। ਰਾਜ ਸਭਾ ਦੀਆਂ 55 ਸੀਟਾਂ ਲਈ 26 ਮਾਰਚ ਨੂੰ ਚੋਣਾਂ ਕਰਾਏ ਜਾਣ ਦਾ ਪ੍ਰੋਗਰਾਮ ਹੈ। ਛੱਤੀਸਗੜ੍ਹ ਤੋਂ ਪ੍ਰਸਿੱਧ ਵਕੀਲ ਕੇ ਟੀ ਐੱਸ ਤੁਲਸੀ ਨੂੰ ਵੀ ਜੇਤੂ ਐਲਾਨ ਕੀਤਾ ਗਿਆ ਹੈ।



ਰਾਜ ਸਭਾ ਲਈ ਮਹਾਰਾਸ਼ਟਰ ਵਿੱਚ ਖਾਲੀ ਹੋਈਆਂ ਸੱਤ ਸੀਟਾਂ, ਬਿਹਾਰ ਅਤੇ ਪੱਛਮੀ ਬੰਗਾਲ ਦੀਆਂ ਪੰਜ-ਪੰਜ ਸੀਟਾਂ, ਉੜੀਸਾ ਵਿੱਚ ਚਾਰ ਸੀਟਾਂ, ਹਰਿਆਣਾ ਵਿੱਚ ਤਿੰਨ ਸੀਟਾਂ ਤੇ ਹਿਮਾਚਲ ਪ੍ਰਦੇਸ਼ ਵਿੱਚ ਇੱਕ ਸੀਟ 'ਤੇ ਉਮੀਦਵਾਰਾਂ ਨੂੰ ਚੋਣ ਅਧਿਕਾਰੀਆਂ ਨੇ ਸਰਬ ਸੰਮਤੀ ਨਾਲ ਜੇਤੂ ਐਲਾਨ ਕੀਤਾ ਹੈ। ਨਾਮਜ਼ਦਗੀ ਵਾਪਸ ਲੈਣ ਦੀ ਸਮਾਂ ਹੱਦ ਖਤਮ ਹੋਣ ਮਗਰੋਂ ਕੱਲ੍ਹ ਇਹ ਐਲਾਨ ਕੀਤੇ ਗਏ। ਹਰਿਆਣਾ ਤੋਂ ਰਾਜ ਸਭਾ ਲਈ ਭਾਜਪਾ ਉਮੀਦਵਾਰ ਰਾਮ ਚੰਦਰ ਜਾਂਗੜਾ ਅਤੇ ਦੁਸ਼ਿਅੰਤ ਕੁਮਾਰ ਗੌਤਮ ਤੇ ਕਾਂਗਰਸ ਉਮੀਦਵਾਰ ਦੀਪੇਂਦਰ ਸਿੰਘ ਹੁੱਡਾ ਨੂੰ ਜੇਤੂ ਐਲਾਨ ਕੀਤਾ ਗਿਆ। ਹਰਿਆਣਾ ਤੋਂ ਰਾਜ ਸਭਾ ਚੋਣ ਲਈ ਇਨ੍ਹਾਂ ਉਮੀਦਵਾਰਾਂ ਨੇ 13 ਮਾਰਚ ਨੂੰ ਕਾਗਜ਼ ਭਰੇ ਸਨ। ਭਾਜਪਾ ਨੇ ਜਾਂਗੜਾ ਅਤੇ ਪਾਰਟੀ ਮੀਤ ਪ੍ਰਧਾਨ ਗੌਤਮ ਨੂੰ ਅਤੇ ਕਾਂਗਰਸ ਨੇ ਰੋਹਤਕ ਦੇ ਸਾਬਕਾ ਪਾਰਲੀਮੈਂਟ ਮੈਂਬਰ ਦੀਪੇਂਦਰ ਨੂੰ ਉਮੀਦਵਾਰ ਬਣਾਇਆ ਸੀ।

## ਹਰਿਆਣੇ ਦੇ ਮੰਤਰੀ ਨੇ ਦਲ-ਬਦਲ ਕਾਨੂੰਨ ਲੋਕਤੰਤਰ ਦੇ ਖ਼ਿਲਾਫ਼ ਆਖਿਆ



ਚੰਡੀਗੜ੍ਹ, 19 ਮਾਰਚ (ਪੋਸਟ ਬਿਊਰੋ)- ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਦਲ-ਬਦਲ ਕਾਨੂੰਨ ਦੇ ਕੇਸ ਵਿੱਚ ਵੱਡਾ ਬਿਆਨ ਦਿੱਤਾ ਅਤੇ ਟਵੀਟ ਦੇ ਜ਼ਰੀਏ ਕਿਹਾ ਹੈ ਕਿ ਇਹ ਕਾਨੂੰਨ ਖ਼ਤਮ ਕਰਨਾ ਚਾਹੀਦਾ ਹੈ। ਵਿਧਾਇਕਾਂ ਨੂੰ ਆਪਣੀ ਪਸੰਦ ਜ਼ਾਹਿਰ ਕਰਨ ਲਈ ਖੁੱਲ੍ਹੀ ਛੁੱਟ ਹੋਣੀ ਚਾਹੀਦੀ ਹੈ। ਦਲ-ਬਦਲ ਕਾਨੂੰਨ ਲੋਕਤੰਤਰ ਦੇ ਮੁੱਢਲੇ ਸਿਧਾਂਤਾਂ ਦੇ ਖ਼ਿਲਾਫ਼ ਹੈ। ਇਸ ਬਿਆਨ ਤੋਂ ਕਈ ਲੋਕ ਹੈਰਾਨ ਹੋਏ ਹਨ।

ਦਰਅਸਲ ਅਨਿਲ ਵਿਜ ਨੇ ਇਹ ਬਿਆਨ ਮੱਧ ਪ੍ਰਦੇਸ਼ ਵਿੱਚ ਕਾਂਗਰਸ ਅਤੇ ਭਾਜਪਾ ਵਿੱਚ ਚੱਲਦੇ ਸਿਆਸੀ ਯੁੱਧ ਬਾਰੇ ਦਿੱਤਾ ਹੈ ਜਿਸ ਨੂੰ ਬਹੁਤ ਗੰਭੀਰ ਮੰਨਿਆ ਜਾ ਰਿਹਾ ਹੈ। ਮੌਜੂਦਾ ਸਮੇਂ ਵਿੱਚ ਭਾਜਪਾ ਭਲੇ ਹੀ ਇਸ ਨਾਲ ਇਤਫਾਕ ਨਹੀਂ ਰੱਖਦੀ, ਪਰ ਵਿਜ ਦਾ ਮੰਨਣਾ ਹੈ ਕਿ ਸਰਕਾਰ ਵਿੱਚ ਵਿਧਇਕਾਂ ਦੀ ਪਸੰਦ ਨੂੰ ਅਗੇਤ ਮਿਲਣੀ ਚਾਹੀਦੀ ਹੈ।

ਇਸ ਦੌਰਾਨ ਕੋਰੋਨਾ ਵਾਇਰਸ ਬਾਰੇ ਸੰਸਾਰ ਭਰ ਦੇ ਸੰਕਟ ਬਾਰੇ ਅਨਿਲ ਵਿਜ ਨੇ ਪਾਕਿਸਤਾਨ 'ਤੇ ਚੁਟਕੀ ਲਈ ਅਤੇ ਟਵੀਟ ਕਰ ਕੇ ਕਿਹਾ ਕਿ ਪਾਕਿ-ਸਤਾਨ ਵਿੱਚ ਕੋਰੋਨਾ ਦਾ ਮਤਲਬ ਕਸ਼ਮੀਰ ਦਾ ਰੋਣਾ ਹੈ। ਵਿਜ ਦੇ ਟਵੀਟ ਦਾ ਅਰਥ ਸਾਫ਼ ਹੈ ਕਿ ਭਾਵੇਂ ਵਿਸ਼ਵ ਭਰ ਵਿੱਚ ਕੋਰੋਨਾ ਵਾਇਰਸ ਨਾਲ ਨਿਪਟਣ ਬਾਰੇ ਸਾਰੇ ਦੇਸ਼ ਤਿਆਰੀਆਂ ਵਿੱਚ ਜੁੱਟੇ ਹਨ ਪਰ ਪਾਕਿਸਤਾਨ ਹਾਲੇ ਵੀ ਕਸ਼ਮੀਰ ਦਾ ਰਾਗ ਅਲਾਪਣ ਵਿੱਚ ਲਗਾ ਹੋਇਆ ਹੈ।

## ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੇ ਰਾਜ ਸਭਾ ਮੈਂਬਰ ਵਜੋਂ ਵਿਰੋਧ ਦੌਰਾਨ ਸਹੁੰ ਚੁੱਕੀ

ਨਵੀਂ ਦਿੱਲੀ, 19 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੇ ਅੱਜ ਪਾਰਲੀਮੈਂਟ ਵਿੱਚ ਰਾਜ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕ ਲਈ। ਵਿਰੋਧੀ ਧਿਰ ਦੇ ਮੈਬਰਾਂ ਦੇ ਹੰਗਾਮੇ ਵਿੱਚ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੇ ਸਹੁੰ ਚੁੱਕੀ ਹੈ। ਇਸ ਦੇ ਬਾਅਦ ਵਿਰੋਧੀ ਧਿਰ ਨੇ ਵਾਕ ਆਉਟ ਕੀਤਾ।



ਸਾਬਕਾ ਚੀਫ ਜਸਟੀਸ ਰੰਜਨ ਗੋਗੋਈ ਆਪਣੀ ਪਤਨੀ ਨਾਲ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਦੇ ਲਈ ਅੱਜ ਪਾਰਲੀਮੈਂਟ ਭਵਨ ਪੁੱਜੇ ਸਨ। ਸਹੁੰ ਚੁੱਕਣ ਤੋਂ ਪਹਿਲਾਂ ਰੰਜਨ ਗੋਗੋਈ ਦੇ ਰਾਜ ਸਭਾ ਮੈਂਬਰ ਵਜੋਂ ਨੋਮੀਨੇਸ਼ਨ ਦੇ ਖਿਲਾਫ ਸਪਰੀਮ ਕੋਰਟ ਵਿੱਚ ਸ਼ਾਹਿਦ ਪੂਰਨਮਾਸ਼ੀ ਕਿਸ਼ਵਰ ਨੇ ਪਟੀਸ਼ਨ ਪਾ ਕੇ ਚੁਣੌਤੀ ਦਿੱਤੀ ਸੀ। ਸ਼ਹਿਦ ਕਿਸ਼ਵਰ ਨੇ ਬਿਨਾਂ ਕਿਸੇ ਕਾਨੂੰਨੀ ਪ੍ਰਤਿਨਿਧ ਦੇ ਇਸ ਅਪੀਲ ਉੱਤੇ ਇਹ ਮੰਗ ਕੀਤੀ ਕਿ ਸੰਵਿਧਾਨ ਦਾ ਮੂਲ ਆਧਾਰ ਜੁਡੀਸ਼ਰੀ ਦੀ ਅਜਾਦੀ ਹੈ ਅਤੇ ਇਸ ਨੂੰ ਲੋਕਤੰਤਰ ਦਾ ਖੰਭਾ ਮੰਨਿਆ ਗਿਆ ਹੈ।

ਅੱਜ ਰਾਜ ਸਭਾ ਦੀ ਕਾਰਵਾਰੀ ਸ਼ੁਰੂ ਹੋਣ ਉੱਤੇ ਜਸਟਿਸ ਗੋਗੋਈ ਜਦੋਂ ਸਹੁੰ ਚੁੱਕਣ ਦੇ ਮਿਥੇ ਸਥਾਨ ਉੱਤੇ ਪੁੱਜੇ, ਓਦੋਂ ਵਿਰੋਧੀ ਮੈਬਰਾਂ ਨੇ ਰੌਲਾ-ਰੱਪਾ ਸ਼ੁਰੂ ਕਰ ਦਿੱਤਾ। ਇਸ ਉੱਤੇ ਰਾਜ ਸਭਾ ਦੇ ਚੇਅਰਮੈਨ ਐਮ ਵੈਂਕਈਆ ਨਾਇਡੂ ਨੇ ਕਿਹਾ ਕਿ ਇਹ ਵਿਹਾਰ ਮੈਬਰਾਂ ਦੀ ਮਰਿਆਦਾ ਵਾਲਾ ਨਹੀਂ। ਇਸ ਪਿੱਛੋਂ ਗੋਗੋਈ ਨੇ ਮੈਂਬਰ ਵਜੋਂ ਸਹੁੰ ਚੁੱਕੀ ਤਾਂ ਵਿਰੋਧੀ ਮੈਬਰਾਂ ਨੇ ਸਭਾ ਦਾ ਵਾਕ ਆਉਟ ਕੀਤਾ। ਵਰਨਣ ਯੋਗ ਹੈ ਕਿ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੂੰ ਪਿਛਲੇ ਦਿਨੀਂ ਰਾਸ਼ਟਰਪਤੀ ਨੇ ਰਾਜ ਸਭਾ ਦੇ ਮੈਂਬਰ ਨਾਮਜ਼ਦ ਕੀਤਾ ਸੀ। ਰੰਜਨ ਗੋਗੋਈ ਦੇ ਰਾਜ ਸਭਾ ਮੈਂਬਰ ਦੇ ਤੌਰ ਉੱਤੇ ਨੋਮੀਨੇਸ਼ਨ ਵਿਰੁੱਧ ਮੰਗ ਵਿੱਚ ਕਿਹਾ ਗਿਆ ਹੈ ਕਿ ਦੇਸ਼ ਦੇ ਨਾਗਰਿਕਾਂ ਦਾ ਵਿਸ਼ਵਾਸ ਜੁਡੀਸ਼ਰੀ ਦੀ ਮਜਬੂਤੀ ਹੈ। ਇਸ ਲਈ ਕੋਈ ਵੀ ਅਜਿਹਾ ਕਾਰਜ, ਜਿਸ ਨਾਲ ਜੁਡੀਸ਼ਰੀ ਦੀ ਅਜਾਦੀ ਉੱਤੇ ਮਾੜਾ ਅਸਰ ਪਵੇ, ਜਿਵੇਂ ਇਹ ਹੋਇਆ ਹੈ, ਜਦੋਂ ਸਾਬਕਾ ਚੀਫ ਜਸਟੀਸ ਨੂੰ ਰਾਜ ਸਭਾ ਲਈ ਨਾਮੀਨੇਟ ਕੀਤਾ ਹੈ, ਉਸ ਆਜ਼ਾਦੀ ਦੇ ਸਟੈਂਡਰਡ ਉੱਤੇ ਇੱਕ ਤਰ੍ਹਾਂ ਦੀ ਠੋਕਰ ਹੈ।

## ਭਾਰਤ ਨੇ ਇਰਾਨ ਤੋਂ 590 ਲੋਕਾਂ ਨੂੰ ਕੱਢ ਲਿਆਂਦਾ, ਇਟਲੀ ਤੋਂ ਹੋਰ ਲਿਆਂਦੇ ਜਾਣਗੇ




ਨਵੀਂ ਦਿੱਲੀ, 19 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਬਾਰੇ ਅੱਜ ਵੀਰਵਾਰ ਨੂੰ ਵਿਦੇਸ਼ ਮੰਤਰਾਲੇ ਦੇ ਅਫ਼ਸਰਾਂ ਨੇ ਪ੍ਰੈੱਸ ਕਾਨਫਰੰਸ ਕੀਤੀ ਤਾਂ ਇਸ ਮੌਕੇ ਉਨ੍ਹਾ ਨੇ ਕਿਹਾ ਕਿ ਅਸੀਂ ਇਰਾਨ ਤੋਂ 590 ਲੋਕਾਂ ਨੂੰ ਕੱਢਿਆ ਹੈ, ਜਿੱਥੇ ਸਥਿਤੀ ਬਹੁਤ ਗੰਭੀਰ ਹੈ। ਇਰਾਨ ਵਿੱਚ ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਭਾਰਤੀਆਂ ਨੂੰ ਵੱਖਰੇ ਕਰ ਦਿੱਤਾ ਗਿਆ ਤੇ ਉਨ੍ਹਾਂ ਦੀ ਦੇਖਭਾਲ ਕੀਤੀ ਜਾ ਰਹੀ ਹੈ। ਸਾਨੂੰ ਵਿਸ਼ਵਾਸ ਹੈ ਕਿ ਠੀਕ ਹੋ ਜਾਣਗੇ ਤੇ ਅਸੀਂ ਉਨ੍ਹਾਂ ਨੂੰ ਵਾਪਸ ਲਿਆਵਾਂਗੇ।

ਵਿਦੇਸ਼ ਮੰਤਰਾਲਾ ਕੋਰੋਨਾ ਬਾਰੇ ਕੰਟਰੋਲ ਰੂਮ ਨੂੰ ਮਜ਼ਬੂਤ ਕਰ ਰਿਹਾ ਹੈ ਅਤੇ 25-30 ਲੋਕ ਕੰਟਰੋਲ ਰੂਮ ਵਿੱਚ ਵਾਰੀ ਨਾਲ ਕੰਮ ਕਰਦੇ ਹਨ। ਇਕ ਦਿਨ ਵਿੱਚ ਲਗਪਗ 400 ਈ-ਮੇਲ ਤੇ 1000 ਕਾਲ ਮਿਲਦੀਆਂ ਹਨ। ਅਧਿਕਾਰੀਆਂ ਨੇ ਕਿਹਾ ਕਿ ਅਸੀਂ ਇਸ ਹਫ਼ਤੇ ਦੇ ਅੰਤ ਵਿੱਚ ਇਟਲੀ ਤੋਂ ਭਾਰਤੀਆਂ ਦਾ ਅਗਲੇ ਬੈਚ ਕੱਢ ਕੇ ਲਿਆਉਣ ਦੀ ਯੋਜਨਾ ਬਣਾ ਰਹੇ ਹਾਂ ਅਤੇ ਇਸ ਲਈ ਨਾਗਰਿਕ ਉਡਾਣ ਮੰਤਰਾਲੇ ਨਾਲ ਮਿਲ ਕੇ ਕੰਮ ਕਰ ਰਹੇ ਹਾਂ।

ਇਸ ਦੌਰਾਨ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰਾ ਰਵੀਸ਼ ਕੁਮਾਰ ਨੇ ਕਿਹਾ ਕਿ ਸਾਰਕ ਦੇਸ਼ਾਂ ਦੇ ਆਗੂਆਂ ਨਾਲ ਵੀਡੀਓ ਕਾਨਫਰੰਸਿੰਗ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੇ ਪ੍ਰਸਤਾਵਾਂ ਉੱਤੇ ਅਸੀਂ ਲੋਕ ਤੇਜ਼ੀ ਨਾਲ ਕੰਮ ਕਰ ਰਹੇ ਹਾਂ। ਐਮਰਜੈਂਸੀ ਫੰਡ ਜਾਰੀ ਹੋ ਚੁੱਕਿਆ ਹੈ ਅਤੇ ਸਾਡੇ ਤੋਂ ਕਈ ਸਾਰਕ ਦੇਸ਼ਾਂ ਨੇ ਮਾਸਕ, ਦਸਤਾਨੇ ਆਦਿ ਦੀ ਮੰਗ ਕੀਤੀ ਹੈ। ਇਹੀ ਨਹੀਂ, ਅਸੀਂ 110 ਮਿਲਿਅਨ ਡਾਲਰ ਤੋਂ ਜ਼ਿਆਦਾ ਅਦਾ ਕਰ ਚੁੱਕੇ ਹਾਂ।

## ਅਰਥਚਾਰੇ ਦਾ ਵੀ ਸਾਹ ਘੁੱਟ ਰਿਹਾ ਹੈ ਹਵਾ ਪ੍ਰਦੂਸ਼ਣ

ਨਵੀਂ ਦਿੱਲੀ, 19 ਮਾਰਚ (ਪੋਸਟ ਬਿਊਰੋ)- ਹਵਾ ਪ੍ਰਦੂਸ਼ਣ ਸਿਰਫ਼ ਲੋਕਾਂ ਦੀ ਸਿਹਤ ਨੂੰ ਨਹੀਂ, ਦੇਸ਼ ਦੇ ਅਰਥਚਾਰੇ ਨੂੰ ਵੀ ਭਾਰੀ ਨੁਕਸਾਨ ਪੁਚਾ ਰਿਹਾ ਹੈ। ਇਸ ਦੇ ਅੰਸ਼ ਜਿੱਥੇ ਹਰ ਸਾਲ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ, ਉਥੇ ਅਰਥਚਾਰੇ ਨੂੰ ਵੀ ਇੱਕ ਲੱਖ ਰੁਪਏ ਦਾ ਵਾਧੂ ਬੋਝ ਝੱਲਣਾ ਪੈ ਰਿਹਾ ਹੈ। ਇਹ ਨੁਕਸਾਨ ਕੁੱਲ ਮਿਲਾ ਕੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦੇ 5.4 ਫ਼ੀਸਦੀ ਦੇ ਬਰਾਬਰ ਹੈ।

ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ (ਸੀ ਆਰ ਆਈ ਏ) ਦੀ ਫਰਵਰੀ 'ਚ ਜਾਰੀ ਹੋਈ ਰਿਪੋਰਟ 'ਚ ਕਈ ਹੈਰਾਨੀ ਜਨਕ ਤੱਥ ਸਾਹਮਣੇ ਆਏ ਹਨ। ਰਿਪੋਰਟ ਮੁਤਾ-ਬਕ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ ਭਾਰਤੀ ਅਰਥਚਾਰੇ 'ਤੇ 1500 ਕਰੋੜ ਡਾਲਰ (1.05 ਲੱਖ ਕਰੋੜ ਰੁਪਏ) ਦਾ ਵਾਧੂ ਬੋਝ ਪੈਂਦਾ ਹੈ। ਰਿਪੋਰਟ ਮੁਤਾਬਕ ਦੇਸ਼ ਭਰ 'ਚ ਹਰ ਸਾਲ ਹੋਣ ਵਾਲੀਆਂ ਲੱਗਭਗ 9 ਲੱਖ 80 ਹਜ਼ਾਰ ਲੋਕਾਂ ਦੀ ਮੌਤ ਲਈ ਪ੍ਰਦੂਸ਼ਣ ਜ਼ਿੰਮੇਵਾਰ ਹੈ। ਪ੍ਰਦੂਸ਼ਣ ਦੀ ਮਾਰ ਕਿੰਨੀ ਭਾਰੀ ਹੈ, ਇਸ ਦਾ ਅੰਦਾਜ਼ਾ ਏਥੋਂ ਲਾਇਆ ਜਾ ਸਕਦਾ ਹੈ ਕਿ ਇਸ ਕਾਰਨ ਹਰ ਸਾਲ ਲਗਭਗ ਸਾਡੇ ਤਿੰਨ ਲੱਖ ਬੱਚੇ ਅਸਥਮਾ ਦਾ ਸ਼ਿਕਾਰ ਹੋ ਰਹੇ ਹਨ।

## ਸੁਪਰੀਮ ਕੋਰਟ ਦੀ ਚੇਤਾਵਨੀ, ਟੈਲੀਕਾਮ ਕੰਪਨੀਆਂ ਦੇ ਐਮ ਡੀਜ਼ ਨੂੰ ਅਦਾਲਤ ਤੋਂ ਹੀ ਜੇਲ੍ਹ ਭੇਜ ਸਕਦੇ ਹਾਂ

ਨਵੀਂ ਦਿੱਲੀ, 19 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਗਰਾਸ ਆਡਿਟ ਰੈਵੇਨਿਊ (ਏ ਜੀ ਆਰ) ਮਾਮਲੇ ਵਿੱਚ ਟੈਲੀਕਾਮ ਕੰਪਨੀਆਂ ਨੂੰ 1.47 ਲੱਖ ਕਰੋੜ ਰੁਪਏ ਦੇ ਬਕਾਏ ਭਰਨ ਲਈ ਸਮਾਂ ਦੇਣ ਦੀ ਸਰਕਾਰ ਦੀ ਮੰਗ ਉਤੇ ਬੀਤੇ ਦਿਨ ਕਿਸੇ ਤਰ੍ਹਾਂ ਦਾ ਕੋਈ ਹੁਕਮ ਦੇਣ ਤੋਂ ਨਾਂਹ ਕਰ ਦਿੱਤੀ।

ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਕੰਪਨੀਆਂ ਨੂੰ ਢਿੱਲ ਦਿੱਤੇ ਜਾਣ 'ਤੇ ਨਾਰਾਜ਼ਗੀ ਪ੍ਰਗਟਾਈ ਤੇ ਕਿਹਾ ਕਿ ਉਨ੍ਹਾਂ ਨੂੰ ਵਿਆਜ ਸਮੇਤ ਸਾਰਾ ਪੈਸਾ ਦੇਣਾ ਹੋਵੇਗਾ। ਅਦਾਲਤ ਨੇ ਮਾਮਲੇ ਦੀ ਸੁਣਵਾਈ ਦੋ ਹਫਤਿਆਂ ਲਈ ਟਾਲ ਦਿੱਤੀ। ਜਸਟਿਸ ਮਿਸ਼ਰਾ ਨੇ ਕਿਹਾ ਕਿ ਬਕਾਇਆ ਰਕਮ ਦੇ ਭੁਗਤਾਨ ਦਾ ਦੁਬਾਰਾ ਮੁਲਾਂਕਣ ਕਰਨ ਦੀ ਅਸੀਂ ਕੋਈ ਆਗਿਆ ਨਹੀਂ ਦਿੱਤੀ ਸੀ, ਫਿਰ ਇਹ ਕਿਵੇਂ ਹੋ ਗਿਆ। ਕੀ ਅਸੀਂ ਮੂਰਖ ਹਾਂ? ਜੋ ਕੁਝ ਹੋ ਰਿਹਾ ਹੈ, ਉਹ ਬੇਹੱਦ ਹੈਰਾਨ ਕਰਨ ਵਾਲਾ ਹੈ। ਇਹ ਅਦਾਲਤ ਦੇ ਸਨਮਾਨ ਦਾ ਮਾਮਲਾ ਹੈ। ਕੀ ਟੈਲੀਕਾਮ ਕੰਪਨੀਆਂ ਨੂੰ ਲੱਗਦਾ ਹੈ ਕਿ ਉਹ ਦੁਨੀਆ ਵਿੱਚ ਸਭ ਤੋਂ ਤਾਕਤਵਰ ਹਨ? ਅਦਾਲਤ ਨੂੰ ਵੱਖ-ਵੱਖ



ਤਰੀਕਿਆਂ ਨਾਲ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਦਾਲਤ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਸਾਡਾ ਹੁਕਮ ਨਾ ਮੰਨਿ-ਆ ਤਾਂ ਅਸੀਂ ਸਭ ਟੈਲੀਕਾਮ ਕੰਪਨੀਆਂ ਦੇ ਮੈਨੇਜਿੰਗ ਡਾਇਰੈਕਟਰਾਂ ਨੂੰ ਅਦਾਲਤ ਵਿੱਚ ਸੱਦ ਕੇ ਇਥੋਂ ਜੇਲ੍ਹ ਭੇਜ ਸਕਦੇ ਹਾਂ। ਜਸਟਿਸ ਅਰੁਣ ਮਿਸ਼ਰਾ ਦੇ ਨਾਲ ਬੈਂਚ ਵਿੱਚ ਜਸਟਿਸ ਅਬਦੁਲ ਨਜ਼ੀਰ ਅਤੇ ਜਸਟਿਸ ਐੱਮ ਆਰ ਸ਼ਾਹ ਵੀ ਸਨ। ਬੈਂਚ ਨੇ ਇਸ ਮੁੱਦੇ 'ਤੇ ਲਗਾਤਾਰ ਪ੍ਰਕਾਸ਼ਤ ਹੋ ਰਹੇ ਲੇਖਾਂ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਸਭ ਟੈਲੀਕਾਮ ਕੰਪਨੀਆਂ ਦੇ ਐਮ ਡੀਜ਼ ਨੂੰ ਨਿੱਜੀ ਤੌਰ 'ਤੇ ਜ਼ਿੰਮੇਵਾਰ ਕਰਾਰ ਦਿੱਤਾ ਜਾਵੇਗਾ। ਭਵਿੱਖ ਵਿੱਚ ਅਖਬਾਰਾਂ ਵਿੱਚ ਛਪੇ ਅਜਿਹੇ ਕਿਸੇ ਵੀ ਲੇਖ ਲਈ ਉਨ੍ਹਾਂ ਨੂੰ ਅਦਾਲਤ ਦੀ ਮਾਣਹਾਨੀ ਦਾ ਦੋਸ਼ੀ ਕਰਾਰ ਦਿੱਤਾ ਜਾਏਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਏ ਜੀ ਆਰ ਦੇ ਮੁੜ ਤੋਂ ਅਨੁਮਾਨ ਦੀ ਆਗਿਆ ਦਿੱਤੀ ਤਾਂ ਇਹ ਧੋਖਾ ਹੋਵੇਗਾ। ਜੇ ਕੰਪਨੀਆਂ ਨੂੰ ਬਕਾਏ ਦੇ ਮੁੜ ਮੁਲਾਂਕਣ ਦੀ ਆਗਿਆ ਦਿੱਤੀ ਗਈ ਤਾਂ ਅਸੀਂ ਵੀ ਇਸ ਧੋਖੇ ਵਿੱਚ ਪਾਰਟੀ ਬਣ ਜਾਵਾਂਗੇ। ਸਵੈ-ਮੁਲਾਂਕਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਪੂਰਾ ਬਕਾਇਆ ਦੇਣਾ ਹੋਵੇਗਾ।

ਏ ਜੀ ਆਰ ਵਿਵਾਦ ਵਿੱਚ ਅਦਾਲਤ ਨੇ 24 ਅਕਤੂਬਰ ਨੂੰ ਟੈਲੀਕਾਮ ਵਿਭਾਗ ਦੇ ਹੱਕ ਵਿੱਚ ਫੈਸਲਾ ਦਿੰਦੇ ਹੋਏ ਟੈਲੀਕਾਮ ਕੰਪਨੀਆਂ ਨੂੰ ਵਿਆਜ ਅਤੇ ਪੈਨਲਟੀ ਸਮੇਤ ਬਕਾਏ ਭਰਨ ਦਾ ਹੁਕਮ ਦਿੱਤਾ ਸੀ। ਅਦਾਲਤ ਨੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਤੋਂ ਪੁੱਛਿਆ ਕਿ ਬਕਾਏ ਦੇ ਸਵੈ ਮੁਲਾਕਣ ਅਤੇ ਇਸ ਕੇਸ ਨੂੰ ਮੁੜ ਤੋਂ ਖੋਲ੍ਹਣ ਦੀ ਆਗਿਆ ਕਿਸ ਨੇ ਦਿੱਤੀ ਸੀ? ਜਸਟਿਸ ਅਰੁਣ ਮਿਸ਼ਰਾ ਨੇ ਕਿਹਾ ਕਿ ਅਦਾਲਤ ਨੇ ਇਸ ਸੰਬੰਧੀ ਕੋਈ ਆਗਿਆ ਨਹੀਂ ਦਿੱਤੀ। ਜੋ ਕੁਝ ਵੀ ਹੋ ਰਿਹਾ ਹੈ, ਉਹ ਹੈਰਾਨ ਕਰ ਦੇਣ ਵਾਲਾ ਹੈ। ਪੂਰੇ ਦੇਸ਼ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

## ਸ਼ਰਾਬ ਪੀਂਦੇ ਦੋਸਤਾਂ ਨੇ ਸਾਜ਼ਿਸ਼ ਘੜੀ ਤੇ 15 ਲੱਖ ਦੇ ਨਕਲੀ ਨੋਟ ਛਾਪ ਦਿੱਤੇ

ਕੈਥਲ, 19 ਮਾਰਚ (ਪੋਸਟ ਬਿਊਰੋ)- ਹਰਿਆਣਾ ਪੁਲਸ ਨੇ ਛੇ ਦੋਸ਼ੀਆਂ ਨੂੰ ਫੜ ਕੇ 5.50 ਲੱਖ ਰੁਪਏ ਦੀ ਜਾਅਲੀ ਕਰੰਸੀ ਬਰਾਮਦ ਕੀਤੀ ਹੈ। ਕੈਥਲ ਜ਼ਿਲੇ ਦੇ ਵਸਨੀਕ ਇਹ ਨੌਜਵਾਨ ਸੌਖਾ ਅਮੀਰ ਬਣਨਾ ਚਾਹੁੰਦੇ ਸਨ। ਇਨ੍ਹਾਂ ਨੇ ਸ਼ਰਾਬ ਪੀਂਦਿਆਂ ਨਕਲੀ ਨੋਟ ਛਾਪਣ ਦੀ ਸਾਜ਼ਿਸ਼ ਘੜੀ ਅਤੇ ਯੂ-ਟਿਊਬ ਤੋਂ ਨਕਲੀ ਨੋਟ ਪ੍ਰਿੰਟ ਕਰਨ ਦਾ ਤਰੀਕਾ ਲੱਭ ਕੇ ਸ਼ੁਰੂ ਵਿੱਚ ਚਾਰ ਹਜ਼ਾਰ ਰੁਪਏ ਦੇ ਨੋਟ ਬਣਾਏ ਤੇ ਫਿਰ 15 ਲੱਖ ਰੁਪਏ ਛਾਪ ਦਿੱਤੇ।



ਐਸ ਪੀ ਸ਼ਸ਼ਾਂਕ ਕੁਮਾਰ ਸਾਵਨ ਨੇ ਦੱਸਿਆ ਕਿ ਸੀ ਆਈ ਏ ਸਟਾਫ ਦੇ ਐਸ ਆਈ ਕਸ਼ਮੀਰ ਸਿੰਘ ਦੀ ਟੀਮ ਨੇ ਗਸ਼ਤ ਕਰਦੇ ਹੋਏ ਖੁਰਾਣਾ ਰੋਡ ਕੈਥਲ ਤੋਂ ਬਾਈਕ ਚਾਲਕ ਸ਼ੱਕੀ ਨੌਜਵਾਨ ਕਠਵਾੜ ਵਾਸੀ ਵਿਜੇ ਨੂੰ ਕਾਬੂ ਕੀਤਾ। ਜਾਂਚ ਵਿੱਚ ਵਿਜੇ ਦੀ ਬਾਈਕ ਚੋਰੀ ਦੀ ਮਿਲੀ ਤੇ ਉਸ ਕੋਲੋਂ 500-500 ਰੁਪਏ ਦੇ 20 ਹਜ਼ਾਰ ਰੁਪਏ ਨਕਲੀ ਨੋਟ ਬਰਾਮਦ ਹੋਏ। ਵਿਜੇ ਦੀ ਨਿਸ਼ਾਨਦੇਹੀ 'ਤੇ ਕਿਓੜਕ ਵਾਸੀ ਦਿਨੇਸ਼, ਜਸਵੰਤੀ ਵਾਸੀ ਸੰਜੇ ਉਰਫ ਸੰਜੂ, ਕਿਓੜਕ ਵਾਸੀ ਅਨਿਲ, ਮਲਿਕਪੁਰ ਵਾਸੀ ਜਸਬੀਰ ਅਤੇ ਰਸੂਲਪੁਰ ਗਾਮੜੀ ਹਾਲ ਕੈਥਲ ਵਾਸੀ ਸੁਖਵਿੰਦਰ ਸਿੰਘ ਨੂੰ ਕਾਬੂ ਕੀਤਾ। ਸਾਰੇ ਦੋਸ਼ੀਆਂ ਤੋਂ 500-500 ਰੁਪਏ ਦੇ 5.50 ਲੱਖ ਰੁਪਏ ਬਰਾਮਦ ਹੋਏ। ਪਤਾ ਲੱਗਾ ਕਿ ਦੋਸ਼ੀ ਜੂਨ 2019 ਤੋਂ ਪ੍ਰਿੰਟਰ ਨਾਲ ਨਕਲੀ ਨੋਟ ਤਿਆਰ ਕਰ ਰਹੇ ਸਨ। ਸ਼ੁਰੂ ਦੀ ਜਾਂਚ ਤੋਂ ਪਤਾ ਲੱਗਾ ਕਿ ਦੋਸ਼ੀ ਦਿਨੇਸ਼ ਨੂੰ ਤੀਹ ਲੱਖ ਰੁਪਏ ਦੇ ਨਕਲੀ ਨੋਟ ਦੇ ਬਦਲੇ ਇੱਕ ਲੱਖ ਦੇ ਨਕਲੀ ਨੋਟ ਦੇਣੇ ਤੈਅ ਕੀਤੇ ਸਨ। ਦਿਨੇਸ਼ ਨੇ 12 ਲੱਖ ਰੁਪਏ ਦੇ ਨਕਲੀ ਨੋਟ ਖਰੀਦਣ ਦਾ ਸੌਦਾ ਕੀਤਾ ਸੀ। ਦੱਸਿਆ ਜਾ ਰਿਹਾ ਹੈ ਕਿ ਦੋਸ਼ੀ ਮੁੱਖ ਮੰਤਰੀ ਵੱਲੋਂ ਗੋਦ ਲਏ ਪਿੰਡ ਕਿਓੜਕ ਵਿੱਚ ਹੀ ਨਕਲੀ ਨੋਟ ਛਾਪਣ ਦਾ ਧੰਦਾ ਸ਼ੁਰ ਕੀਤਾ ਸੀ। ਐਸ ਪੀ ਨੇ ਦੱਸਿਆ ਕਿ ਦੋਸ਼ੀਆਂ ਨੂੰ ਦੋ ਦਿਨ ਦੇ ਰਿਮਾਂਡ 'ਤੇ ਲਿਆ ਹੈ।

## ਸੁਪਰੀਮ ਕੋਰਟ ਨੇ ਮਣੀਪੁਰ ਦਾ ਮੰਤਰੀ ਅਹੁਦੇ ਤੋਂ ਹਟਾਇਆ

ਨਵੀਂ ਦਿੱਲੀ, 19 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਇੱਕ ਅਨੋਖਾ ਹੁਕਮ ਜਾਰੀ ਕਰਦੇ ਹੋਏ ਮਣੀਪੁਰ ਦੇ ਜੰਗਲਾਤ ਮੰਤਰੀ ਟੀ ਐਚ ਸ਼ਿਆਮਕੁਮਾਰ ਦੇ ਕੰਮ ਕਰਨ 'ਤੇ ਤੁਰੰਤ ਰੋਕ ਲਾ ਦਿੱਤੀ ਅਤੇ ਉਨ੍ਹਾਂ ਨੂੰ ਮੰਤਰੀ ਅਹੁਦੇ ਤੋਂ ਹਟਾਉਣ ਦਾ ਹੁਕਮ ਜਾਰੀ ਕਰ ਦਿੱਤਾ ਹੈ। ਇਸ ਸੰਬੰਧ ਵਿੱਚ ਕੋਰਟ ਨੇ ਅਗਲੇ ਹੁਕਮਾਂ ਤੱਕ ਸ਼ਿਆਮਕੁਮਾਰ ਦੇ ਵਿਧਾਨ ਸਭਾ ਵਿੱਚ ਦਾਖਲੇ ਉੱਤੇ ਵੀ ਰੋਕ ਲਾ ਦਿੱਤੀ ਹੈ। ਸੁਪਰੀਮ ਕੋਰਟ ਦੇ ਜਸਟਿਸ ਆਰ ਐੱਫ ਨਰੀਮਨ ਤੇ ਜਸਟਿਸ ਐੱਸ ਰਵਿੰਦਰ ਭੱਟ ਦੀ ਬੈਂਚ ਨੇ ਇਹ ਹੁਕਮ ਸੰਵਿਧਾਨ ਦੀ ਧਾਰਾ 142 ਵਿੱਚ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦਿੱਤਾ ਹੈ। ਇਸ ਅਧਿਕਾਰ ਦੇ ਤਹਿਤ ਸੁਪਰੀਮ ਕੋਰਟ ਕਿਸੇ ਵੀ ਸਰਕਾਰ ਦੇ ਮੰਤਰੀ ਨੂੰ ਹਟਾਉਣ ਦਾ ਹੁਕਮ ਦੇ ਸਕਦੀ ਹੈ।

ਵਰਨਣ ਯੋਗ ਹੈ ਕਿ ਸ਼ਿਆਮ ਕੁਮਾਰ ਨੇ 2017 ਵਿੱਚ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਦੀ ਚੋਣ ਜਿੱਤੀ ਸੀ, ਪਰ ਬਾਅਦ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਇਸ ਦੇ ਬਾਅਦ ਉਹ ਰਾਜ ਸਰਕਾਰ ਵਿੱਚ ਕੈਬਨਿਟ ਮੰਤਰੀ ਬਣ ਗਏ ਤਾਂ ਉਨ੍ਹਾਂ ਨੂੰ ਅਯੋਗ ਠਹਿਰਾਉਣ ਦੀ ਕਾਂਗਰਸ ਦੀ ਪਟੀਸ਼ਨ ਮਣੀਪੁਰ ਵਿੱਚ ਵਿਧਾਨ ਸਭਾ ਸਪੀਕਰ ਦੇ ਕੋਲ ਵਿਚਾਰ ਅਧੀਨ ਪਈ ਰਹੀ ਹੈ। ਸੁਪਰੀਮ ਕੋਰਟ ਨੇ ਅਪ੍ਰੈਲ 2017 ਤੋਂ ਵਿਧਾਨ ਸਭਾ ਸਪੀਕਰ ਦੇ ਕੋਲ ਵਿਚਾਰ ਅਧੀਨ ਅਜਿਹੀਆਂ ਕੁੱਲ 13 ਪਟੀਸ਼ਨਾਂ 'ਤੇ ਬੀਤੀ 21 ਜਨਵਰੀ ਨੂੰ ਨੋਟਿਸ ਲਿਆ ਸੀ। ਮਣੀਪੁਰ ਦੀ ਵਿਧਾਨ ਸਭਾ ਦੇ ਸਪੀਕਰ ਨੂੰ ਇਨ੍ਹਾਂ 'ਤੇ ਚਾਰ ਹਫਤੇ ਦੇ ਅੰਦਰ ਫੈਸਲਾ ਲੈਣ ਲਈ ਕਿਹਾ ਗਿਆ ਸੀ।

## ਉਮਰ ਅਬਦੁੱਲਾ ਦੀ ਰਿਹਾਈ ਬਾਰੇ ਕੇਂਦਰ ਤੋਂ ਜਵਾਬ ਤਲਬ

ਨਵੀਂ ਦਿੱਲੀ, 19 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕੇਂਦਰ ਸਰਕਾਰ ਅਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਨੂੰ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਦੀ ਰਿਹਾਈ ਬਾਰੇ ਅਗਲੇ ਹਫ਼ਤੇ ਤੱਕ ਜਾਣਕਾਰੀ ਦੇਣ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਉਮਰ ਅਬੁਦੱਲਾ ਪਿਛਲੇ ਵਰ੍ਹੇ ਅਗਸਤ ਵਿੱਚ ਜੰਮੂ ਕਸ਼ਮੀਰ ਤੋਂ ਧਾਰਾ 370 ਹਟਾਏ ਜਾਣ ਮਗਰੋਂ ਨਜ਼ਰਬੰਦ ਹਨ। ਜਸਟਿਸ ਅਰੁਣ ਮਿਸ਼ਰਾ ਤੇ ਜਸਟਿਸ ਐਮ ਆਰ ਸ਼ਾਹ ਨੇ ਕੇਂਦਰ ਸਰਕਾਰ ਦੇ ਵਕੀਲ ਨੂੰ ਕਿਹਾ ਕਿ ਜੇ ਅਬਦੁੱਲਾ ਨੂੰ ਜਲਦੀ ਰਿਹਾਅ ਨਹੀਂ ਕੀਤਾ ਜਾਂਦਾ ਤਾਂ ਉਸ



ਦੀ ਭੈਣ ਸਾਰਾ ਅਬਦੁੱਲਾ ਪਾਇਲਟ ਵੱਲੋਂ ਉਸ ਦੀ ਨਜ਼ਰਬੰਦੀ ਖ਼ਿਲਾਫ਼ ਪਾਈ ਪਟੀਸ਼ਨ 'ਤੇ ਸੁਣਵਾਈ ਪਹਿਲ ਦੇ ਆਧਾਰ 'ਤੇ ਕੀਤੀ ਜਾਵੇਗੀ। ਬੈਂਚ ਨੇ ਕਿਹਾ, ''ਜੇ ਤੁਸੀਂ ਉਸ ਨੂੰ ਛੱਡ ਰਹੇ ਹੋ ਤਾਂ ਜਲਦੀ ਛੱਡੋ ਨਹੀਂ ਤਾਂ ਅਸੀਂ ਕੇਸ 'ਤੇ ਪਹਿਲ ਦੇ ਆਧਾਰ 'ਤੇ ਸੁਣਵਾਈ ਕਰਾਂਗੇ।''

ਪਹਿਲਾਂ ਸੁਪਰੀਮ ਕੋਰਟ ਵਿੱਚ ਮੌਜੂਦ ਕੇਂਦਰ ਅਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਇਸ ਕੇਸ ਬਾਰੇ ਪੇਸ਼ ਹੋ ਰਹੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਇੱਕ ਹੋਰ ਅਦਾਲਤ ਵਿੱਚ ਬਹਿਸ ਕਰ ਰਹੇ ਹਨ। ਪਟੀਸ਼ਨਰ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਕਪਿਲ ਸਿੱਬਲ ਨੇ ਕਿਹਾ ਕਿ ਅਦਾਲਤ ਵੱਲੋਂ ਕੇਸ ਦੀ ਸੁਣਵਾਈ ਲਈ ਨੇੜਲੀ ਤਰੀਕ ਤੈਅ ਕੀਤੀ ਜਾਵੇ। ਇਸ 'ਤੇ ਬੈਂਚ ਨੇ ਕਿਹਾ ਕਿ ਮੌਜੂਦਾ ਹਾਲਾਤ ਦੌਰਾਨ ਸਿਖਰਲੀ ਅਦਾਲਤ ਦੇ ਕੇਵਲ ਛੇ ਬੈਂਚ ਚੱਲ ਰਹੇ ਹਨ ਅਤੇ ਉਨ੍ਹਾਂ ਨੂੰ ਨਹੀਂ ਪਤਾ ਕਿ ਅਗਲੀ ਵਾਰੀ ਕਦੋਂ ਆਵੇ।



# ਹਾਂਗਕਾਂਗ ਪ੍ਰਦਰਸ਼ਨਾਂ ਨਾਲ ਨਜਿੱਠਣ ਦੇ ਲਈ ਚੀਨੀ ਪੁਲਸ ਵੀ ਮਦਦ ਕਰਦੀ ਰਹੀ

ਹਾਂਗਕਾਂਗ, 19 ਮਾਰਚ (ਪੋਸਟ ਬਿਊਰੋ)- ਹਾਂਗ ਕਾਂਗ ਵਿੱਚ ਹੋਏ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨਾਲ ਨਜਿੱਠਣ ਵਿੱਚ ਹਾਂਗ ਕਾਂਗ ਪੁਲਸ ਦੇ ਕਮਜ਼ੋਰ ਪੈਣ 'ਤੇ ਚੀਨ ਦੀ ਪੀਪੁਲਜ਼ ਆਰਮਡ ਪੁਲਸ (ਪੀ ਏ ਪੀ) ਦੇ ਅਧਿਕਾਰੀ ਹਾਂਗ ਕਾਂਗ ਆਏ ਸਨ ਅਤੇ ਉਨ੍ਹਾਂ ਨੇ ਮੌਕੇ 'ਤੇ ਆ ਕੇ ਹਾਲਾਤ ਨੂੰ ਸੰਭਾਲਣ ਵਿੱਚ ਮਦਦ ਕੀਤੀ ਸੀ।



ਵਰਨਣ ਯੋਗ ਹੈ ਕਿ ਇਹ ਪ੍ਰਦਰਸ਼ਨ 2019 ਵਿੱਚ ਹੋਏ ਸਨ ਅਤੇ ਇਨ੍ਹਾਂ ਤੋਂ ਹਾਂਗ ਕਾਂਗ ਨੂੰ ਅਰਬਾਂ ਦਾ ਨੁਕਸਾਨ ਹੋਇਆ ਸੀ। ਇਸ ਵੇਲੇ ਦੋਵੇਂ ਪੁਲਸ ਸੰਗਠਨ ਮਿਲ ਕੇ ਸਮੀਖਿਆ ਕਰ ਰਹੇ ਹਨ ਕਿ ਪ੍ਰਦਰਸ਼ਨਕਾਰੀਆਂ ਨੇ ਕਿਨ੍ਹਾਂ ਢੰਗਾਂ ਦੀ ਵਰਤੋਂ ਕੀਤੀ ਸੀ, ਜਿਸ ਤੋਂ ਪੂਰੀ ਵਿਵਸਥਾ ਪ੍ਰਭਾਵਤ ਹੋਈ ਸੀ ਅਤੇ ਇੰਨਾ ਵੱਡਾ ਨੁਕਸਾਨ ਹੋਇਆ। ਕਈ ਵਾਰ ਤਾਂ ਪ੍ਰਦਰਸ਼ਨਕਾਰੀਆਂ ਦੇ ਸਾਹਮਣੇ ਪੁਲਸ ਬੇਵੱਸ ਜਿਹੀ ਹੋ ਗਈ ਅਤੇ ਫੌਜ ਨੂੰ ਸਹਾਇਤਾ ਲਈ ਆਉਣਾ ਪਿਆ। ਬਜ਼ੁਰਗ ਡੈਮੋਕ੍ਰੇਟਿਕ ਵਿਧਾਇਕ ਜੇਮਸ ਟੀ ਕੇ ਅਨੁਸਾਰ ਲੋਕਤੰਤਰ ਦੀ ਮੰਗ ਵਾਲੇ ਪ੍ਰਦਰਸ਼ਨ ਦੌਰਾਨ ਹਾਂਗਕਾਂਗ ਪੁਲਸ ਦੇ ਅਧਿਕਾਰੀਆਂ ਨੇ ਚੀਨੀ ਸੁਰੱਖਿਆ ਬਲਾਂ ਦੀ ਮਦਦ ਲਈ ਸੀ, ਪਰ ਇਹ ਮਦਦ ਵਿਰੋਧੀ ਉਪਾਅ ਦੱਸਣ ਤੱਕ ਸੀਮਿਤ ਰਹੀ। ਚੀਨ ਦੇ ਨਾਲ ਹਾਂਗਕਾਂਗ ਦੀ ਹਵਾਲਗੀ ਸੰਧੀ ਦੇ ਪ੍ਰਸਤਾਵ ਦੇ ਵਿਰੋਧ ਵਿੱਚ ਸ਼ੁਰੂ ਹੋਇਆ ਅੰਦੋਲਨ ਫਿਰ ਲੋਕਤੰਤਰ ਦੀ ਮੰਗ ਦੇ ਅੰਦੋਲਨ ਵਿੱਚ ਬਦਲ ਗਿਆ ਸੀ। ਹਾਂਗਕਾਂਗ ਦੀ ਧਰਤੀ 'ਤੇ ਇਹ ਅੰਦੋਲਨ ਕਰੀਬ ਸੱਤ ਮਹੀਨੇ ਚੱਲਿਆ। ਇੱਕ ਵਿਦੇਸ਼ੀ ਡਿਪਲੋਮੇਟ ਨੇ ਆਪਣੀ ਪਛਾਣ ਗੁਪਤ ਰੱਖਦੇ ਹੋਏ ਦੱਸਿਆ ਕਿ ਲੋਕਤੰਤਰ ਦੀ ਮੰਗ ਦੇ ਅੰਦੋਲਨ ਦੇ ਦੌਰਾਨ ਹਾਂਗਕਾਂਗ ਪੁਲਸ ਦੇ ਨਾਲ ਚੀਨ ਦੀ ਪੁਲਸ ਦੇ ਕੁਝ ਅਧਿਕਾਰੀ ਕੰਮ ਕਰ ਰਹੇ ਸਨ।

# ਕੋਰੋਨਾ ਵਾਇਰਸ ਦੇ ਡਰ ਹੇਠ ਟੋਕੀਓ ਉਲੰਪਿਕ ਦਾ ਕੋਈ ਵੀ ਹੱਲ ਢੁਕਵਾਂ ਨਹੀਂ: ਆਈ ਓ ਸੀ

ਲੁਸਾਨੇ, 19 ਮਾਰਚ (ਪੋਸਟ ਬਿਊਰੋ)- ਕੌਮਾਂਤਰੀ ਉਲੰਪਿਕ ਕਮੇਟੀ (ਆਈ ਓ ਸੀ) ਨੇ ਖਿਡਾਰੀਆਂ ਦੀ ਜਾਨ ਨੂੰ ਜੋਖ਼ਮ 'ਚ ਪਾਉਣ ਦੇ ਦੋਸ਼ ਲੱਗਣ ਤੋਂ ਬਾਅਦ ਕਿਹਾ ਕਿ ਕੋਰੋਨਾ ਵਾਇਰਸ ਦੇ ਡਰ ਹੇਠ ਟੋਕੀਓ ਉਲੰਪਿਕ ਲਈ ਕੋਈ ਵੀ ਹੱਲ ਢੁੱਕਵਾਂ ਨਹੀਂ। ਬਿਹਤਰੀਨ ਅਥਲੀਟਾਂ ਵੱਲੋਂ ਆਲੋਚਨਾ ਕੀਤੇ ਜਾਣ ਤੋਂ ਬਾਅਦ ਆਈ ਓ ਸੀ ਦੇ ਇੱਕ ਬੁਲਾਰੇ ਨੇ ਕਿਹਾ ਕਿ ਇਹ ਅਸਾਧਾਰਨ ਸਥਿਤੀ ਹੈ ਜਿਸ ਲਈ ਅਸਾਧਾਰਨ ਹੱਲ ਦੀ ਹੀ ਲੋੜ ਹੈ। ਉਨ੍ਹਾਂ ਕਿਹਾ ਕਿ ਆਈ ਓ ਸੀ ਪ੍ਰਤੀਯੋਗਤਾ ਦਾ ਅਖੰਡਤਾ ਅਤੇ ਅਥਲੀਟਾਂ ਦੀ ਸਿਹਤ ਦੀ ਰੱਖਿਆ ਕਰਦਿਆਂ ਘੱਟ ਤੋਂ ਘੱਟ ਨਕਾਰਾਤਮਕ ਪ੍ਰਭਾਵ ਦੇ ਨਾਲ ਇੱਕ ਹੱਲ ਲੱਭਣ ਲਈ ਵਚਨਬੱਧ ਹੈ, ਜਿਸ ਬਾਰੇ ਵਿਚਾਰ ਚੱਲ ਰਹੀ ਹੈ।




ਉਨ੍ਹਾ ਕਿਹਾ ਕਿ ਇਸ ਸਥਿਤੀ 'ਚ ਕੋਈ ਵੀ ਹੱਲ ਢੁੱਕਵਾਂ ਨਹੀਂ ਹੋਵੇਗਾ ਤੇ ਇਹੀ ਕਾਰਨ ਹੈ ਕਿ ਅਸੀਂ ਅਥਲੀਟਾਂ ਦੀ ਜ਼ਿੰਮੇਵਾਰੀ ਤੇ ਇਕਜੁਟਤਾ ਦੇ ਭਰੋਸੇ 'ਤੇ ਹਾਂ। ਇਸ ਤੋਂ ਪਹਿਲਾਂ ਆਈ ਓ ਸੀ ਵੱਲੋਂ ਇਹ ਕਹੇ ਜਾਣ ਉੱਤੇ ਕਿ ਉਹ ਉਲੰਪਿਕ ਨੂੰ ਤੈਅ ਸਮੇਂ 24 ਜੁਲਾਈ ਤੋਂ ਹੀ ਕਰਾਉਣ ਬਾਰੇ ਵਚਨਬੱਧ ਹੈ, ਇਸ 'ਤੇ ਉਲੰਪਿਕ ਪੋਲ ਵਾਲਟ ਚੈਂਪੀਅਨ ਕੈਟਰੀਨਾ ਸਟੇਫਾਨਿਡੀ ਤੇ ਬ੍ਰਿਟੇਨ ਦੀ ਹੈਪਥਾਅਥਲੀਟ ਕੈਟਰੀਨਾ ਜਾਨਸਨ ਨੇ ਚਿੰਤਾ ਜਤਾਈ ਸੀ। ਸਟੇਫਾਨਿਡੀ ਨੇ ਟਵੀਟ ਕੀਤਾ ਕਿ ਆਈ ਓ ਸੀ ਚਾਹੁੰਦਾ ਹੈ ਕਿ ਅਸੀਂ ਆਪਣੇ ਅਤੇ ਪਰਵਾਰ ਦੇ ਸਿਹਤ ਨੂੰ ਖ਼ਤਰੇ 'ਚ ਪਾ ਕੇ ਸਿਖ਼ਲਾਈ ਕਰੀਏ। ਤੁਸੀਂ ਚਾਰ ਮਹੀਨੇ ਬਾਅਦ ਨਹੀਂ ਅੱਜ ਤੋਂ ਹੀ ਖਿਡਾਰੀਆਂ ਨੂੰ ਖ਼ਤਰੇ 'ਚ ਪਾ ਰਹੇ ਹੋ। ਇਸ ਤੋਂ ਇਲਾਵਾ ਟੋਕੀਓ ਤੋਂ ਇੱਕ ਵਿਸ਼ੇਸ਼ ਜਹਾਜ਼ 'ਟੋਕੀਓ 2020 ਗੋ' ਉਲੰਪਿਕ ਮਸ਼ਾਲ ਲੈਣ ਲਈ ਕੱਲ੍ਹ ਗ੍ਰੀਸ ਲਈ ਰਵਾਨਾ ਹੋਇਆ, ਜਿੱਥੇ ਇਹ ਮਸ਼ਾਲ ਜਾਪਾਨ ਨੂੰ ਸੌਂਪੀ ਜਾਵੇਗੀ।

# ਰਿਪਬਲਿਕਨ ਤੋਂ ਟਰੰਪ ਦੀ ਰਾਸ਼ਟਰਪਤੀ ਦੀ ਉਮੀਦਵਾਰੀ ਪੱਕੀ

ਵਾਸ਼ਿੰਗਟਨ, 19 ਮਾਰਚ (ਪੋਸਟ ਬਿਊਰੋ)- ਦੂਜੇ ਕਾਰਜਕਾਲ ਦੀ ਤਿਆਰੀ ਵਿੱਚ ਲੱਗੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਰਿਪ-ਬਲਿਕਨ ਪਾਰਟੀ ਦੀ ਉਮੀਦਵਾਰੀ ਮਿਲਣੀ ਤੈਅ ਹੋ ਗਈ ਹੈ। ਉਨ੍ਹਾਂ ਆਪਣੇ ਗ੍ਰਹਿ ਸੂਬੇ ਫਲੋਰਿਡਾ ਵਿੱਚ ਪਾਰਟੀ ਦੀ ਪ੍ਰਾਇਮਰੀ ਚੋਣ ਵਿੱਚ ਸੌਖੀ ਜਿੱਤ ਦੇ ਨਾਲ ਰਾਸ਼ਟਰਰਪਤੀ ਉਮੀਦਵਾਰ ਬਣਨ ਲਈ ਜ਼ਰੂਰੀ ਡੈਲੀਗੇਟਸ ਦਾ ਸਮਰਥਨ ਹਾਸਲ ਕਰ ਲਿਆ ਹੈ। ਅਮਰੀਕਾ ਵਿੱਚ ਨਵੰਬਰ 'ਚ ਰਾਸ਼ਟਰਪਤੀ ਚੋਣ ਹੋਣੀ ਹੈ।



ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਨੂੰ ਆਪਣੀ ਪਾਰਟੀ ਤੋਂ ਦੁਬਾਰਾ ਉਮੀਦਵਾਰ ਬਣਨ ਦੀ ਹੋੜ ਵਿੱਚ ਕਿਸੇ ਵੱਡੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਰਿਪਬਲਿਕਨ ਪਾਰਟੀ ਵਿੱਚ ਕੁੱਲ 2550 ਡੈਲੀਗੇਟਸ ਹਨ। 1276 ਡੈਲੀਗੇਟਸ ਦਾ ਸਮਰਥਨ ਹਾਸਲ ਕਰਨ ਵਾਲੇ ਨੂੰ ਪਾਰਟੀ ਆਪਣਾ ਉਮੀਦਵਾਰ ਬਣਾਵੇਗੀ। ਡੋਨਾਲਡ ਟਰੰਪ ਨੂੰ ਫਲੋਰਿਡਾ ਦੇ ਸਾਰੇ 122 ਡੈਲੀਗੇਟਸ ਨੇ ਆਪਣਾ ਸਮਰਥਨ ਦਿੱਤਾ। ਇਸ ਨੂੰ ਮਿਲਾ ਕੇ ਟਰੰਪ ਦਾ ਸਮਰਥਨ ਕਰਨ ਵਾਲੇ ਡੈਲੀਗੇਟਸ ਦਾ ਅੰਕੜਾ 1330 ਹੋ ਗਿਆ ਹੈ। ਟਰੰਪ ਦੀ ਉਮੀਦਵਾਰੀ ਦਾ ਰਸਮੀ ਐਲਾਨ ਅਗਸਤ ਵਿੱਚ ਹੋਵੇਗਾ। ਟਰੰਪ ਦੀ ਚੋਣ ਪ੍ਰਚਾਰ ਮੁਹਿੰਮ ਦੇ ਪ੍ਰਮੁੱਖ ਬ੍ਰਾਡ ਪਾਸਕੇਰਲ ਨੇ ਕਿਹਾ, ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਿੱਚ ਰਿਪਬਲਿਕਨ ਪਾਰਟੀ ਪਹਿਲਾਂ ਤੋਂ ਕਿਤੇ ਜ਼ਿਆਦਾ ਇੱਕਜੁੱਟ ਅਤੇ ਊਰਜਾਵਾਨ ਹੋਈ ਹੈ।

# ਰੈਡ ਅਲਰਟ ਦੀ ਉਲੰਘਣਾ ਕਰਨ ਵਾਲੇ ਅੜਿੱਕੇ ਆ ਗਏ

ਇਟਲੀ, 19 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਕਾਰਨ ਇਟਲੀ 'ਚ ਲੱਗੀ ਐਮਰਜੈਂਸੀ ਦੌਰਾਨ ਸਰਕਾਰ ਦੀਆਂ ਹਦਾਇਤਾਂ ਦੀਆਂ ਧੱਜੀਆਂ ਉਡਾ ਕੇ ਘਰੋਂ ਨਿਕਲਣ ਵਾਲੇ ਅਨੇਕਾਂ ਲੋਕਾਂ ਨੂੰ ਇਟਲੀ ਪੁਲਸ ਵੱਲੋਂ ਜੁਰਮਾਨੇ ਕੀਤੇ ਗਏ ਹਨ। ਇਥੇ ਹੀ ਬੱਸ ਨਹੀਂ, ਅਜਿਹੇ ਵਿਅਕਤੀਆਂ 'ਤੇ ਕੇਸ ਵੀ ਦਰਜ ਹੋਏ ਹਨ।



ਇਟਲੀ ਵਿੱਚ 11 ਮਾਰਚ ਤੋਂ ਐਮਰਜੈਂਸੀ ਜਾਰੀ ਹੈ ਅਤੇ ਸਰਕਾਰ ਨੇ ਸਾਰੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਦੇ ਹੀ ਆਦੇਸ਼ ਦਿੱਤੇ ਹਨ, ਸਿਰਫ਼ ਡਾਕਟਰ ਕੋਲ ਜਾਣ ਲਈ, ਖਾਣ-ਪੀਣ ਦੀਆਂ ਵਸਤਾਂ ਖ਼ਰੀਦਣ ਜਾਣ ਲਈ ਅਤੇ ਕੰਮ ਉਤੇ ਜਾਣ ਵਾਲਿਆਂ ਨੂੰ ਹੀ ਛੋਟ ਹੈ, ਪਰ ਉਨ੍ਹਾਂ ਨੂੰ ਵੀ ਸਰਕਾਰ ਵੱਲੋਂ ਜਾਰੀ ਕੀਤਾ ਪ੍ਰੋਫਾਰਮਾ ਭਰਨਾ ਜ਼ਰੂਰੀ ਹੈ ਜਿਸ ਵਿੱਚ ਘਰੋਂ ਬਾਹਰ ਨਿਕਲਣ ਦਾ ਮੰਤਵ ਤੇ ਸਮਾਂ ਦੱਸਣਾ ਜ਼ਰੂਰੀ ਹੈ। ਇਟਲੀ ਪੁਲਸ ਸਰਕਾਰ ਦੀਆਂ ਹਦਾਇਤਾਂ ਨੂੰ ਪੂਰਨ ਰੂਪ ਵਿੱਚ ਲਾਗੂ ਕਰਨ ਲਈ ਪੂਰੀ ਮੁਸਤੈਦੀ ਨਾਲ ਕੰਮ ਕਰ ਰਹੀ ਹੈ। ਇਟਲੀ ਵਿੱਚ ਕੱਲ੍ਹ ਤੱਕ ਪੁਲਸ ਨੇ ਛੇ ਲੱਖ 65 ਹਜ਼ਾਰ 480 ਲੋਕਾਂ ਨੂੰ ਚੈਕਿੰਗ ਲਈ ਰੋਕਿਆ ਅਤੇ ਇਨ੍ਹਾਂ ਵਿੱਚੋਂ 26,954 ਨੂੰ ਜੁਰਮਾਨੇ ਗਏ ਹਨ। ਇਹ ਜੁਰਮਾਨੇ ਵਹੀਕਲਾਂ ਦੇ ਨਾਲ- ਬਿਨਾਂ ਕਿਸੇ ਮਕਸਦ ਤੋਂ ਪੈਦਲ ਚੱਲਣ ਵਾਲੇ ਲੋਕਾਂ ਨੂੰ ਵੀ ਹੋਏ ਹਨ, ਜਿਹੜੇ ਘਰੋਂ ਨਿਕਲਣ ਦਾ ਵਿਸ਼ੇਸ਼ ਕਾਰਨ ਨਹੀਂ ਦੱਸ ਸਕੇ। ਪੋਰਦੀਨੋਨੇ ਜ਼ਿਲ੍ਹੇ ਵਿੱਚ ਇੱਕ ਪਾਕਿਸਤਾਨੀ ਨੂੰ ਭਾਰੀ ਜੁਰਮਾਨਾ ਕੀਤੇ ਜਾਣ ਦੀ ਵੀ ਖ਼ਬਰ ਹੈ।

ASIAN FOOD CENTRE



FRESH & LARGE VARIETY

Bread , Derry & Eggs | Fruits & Vegetables | Sweet & Samosas
Branded Foods | Beverages & Confectionery | Grocery & Staples

VEGETARIAN FOOD
HEALTHY EATING

SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



# ਸਿਕੰਦਰ ਲੋਧੀ ਨੇ ਗੁਰੂ ਨਾਨਕ ਦੇਵ ਜੀ ਦੇ ਦਿੱਲੀ ਜਾਣ ਉਤੇ ਰੋਕ ਲਾਈ ਸੀ

ਜਲੰਧਰ, 19 ਮਾਰਚ (ਪੋਸਟ ਬਿਊਰੋ)- ਕਰਤਾਰਪੁਰ ਸਾਹਿਬ ਦੇ ਪ੍ਰਚਾਰਕ ਤੇ ਪ੍ਰਸਿੱਧ ਸਿੱਖ ਲਿਖਾਰੀ ਭਬੀਸ਼ਨ ਸਿੰਘ ਗੁਰਾਇਆ ਦੀ ਲਿਖੀ ਗੁਰੂ ਨਾਨਕ ਸਾਹਿਬ ਦੀ ਜੀਵਨੀ 'ਜ਼ਿੰਦਗੀਨਾਮਾ ਗੁਰੂ ਨਾਨਕ ਦੇਵ' ਅੱਜ ਕੱਲ੍ਹ ਚਰਚਾ ਵਿੱਚ ਹੈ। ਇਸ ਪੁਸਤਕ ਦੀ ਸਭ ਤੋਂ ਵੱਡੀ ਪ੍ਰਾਪਤੀ ਗੁਰੂ ਨਾਨਕ ਦੇਵ ਜੀ ਦੀ ਚੌਥੀ ਉਦਾਸੀ ਦਾ ਸਾਲ ਲੱਭਣਾ ਹੈ। ਲਿਖਾਰੀ ਨੇ ਇਸ ਵਿੱਚ ਦੱਸਿਆ ਕਿ ਕਿਉਂਕਿ ਜਨਮ ਸਾਖੀਆਂ ਵਿੱਚ ਗੁਰੂ ਸਾਹਿਬ ਦਾ ਬਗਦਾਦ ਦੇ ਇਮਾਮ ਸ਼ੇਖ ਸਰਫ ਨੂੰ ਮਿਲਣ ਦਾ ਜ਼ਿਕਰ ਹੈ ਅਤੇ ਬਗਦਾਦ ਦੇ ਇਤਿਹਾਸ ਵਿੱਚੋਂ ਇਮਾਮ ਸ਼ੇਖ ਸਰਫ ਅਲਦੀਨ ਦਾ ਰਾਜ-ਕਾਲ ਲੱਭ ਲਿਆ ਗਿਆ ਹੈ, ਉਹ 1529 ਤੋਂ 1532 ਈਸਵੀ ਤੱਕ ਇਮਾਮ ਰਿਹਾ ਸੀ, ਇਸ ਤੋਂ


ਭਬੀਸ਼ਨ ਸਿੰਘ ਗੁਰਾਇਆ

ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਇਸੇ ਸਮੇਂ ਦੌਰਾਨ ਹੀ ਕਿਸੇ ਵੇਲੇ ਬਗਦਾਦ ਵਿੱਚ ਸਨ। ਇਸ ਤਰ੍ਹਾਂ ਇਸ ਕਿਤਾਬ ਨੇ ਇਤਿਹਾਸਕਾਰਾਂ ਦਾ ਚੌਥੀ ਉਦਾਸੀ ਦਾ ਦਿੱਤਾ ਹੋਇਆ ਸਾਲ ਗਲਤ ਸਾਬਤ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਸਦੀ ਦੇ ਸਾਰੇ ਇਤਿਹਾਸਕਾਰਾਂ (ਸਮੇਤ ਕਿਰਪਾਲ ਸਿੰਘ, ਭਾਈ ਸਾਹਿਬ ਸਿੰਘ) ਨੇ ਗੁਰੂ ਸਾਹਿਬ ਦਾ ਮੱਕੇ ਜਾਣਾ 1510 ਤੋਂ 520 ਈਸਵੀ ਲਿਖਿਆ ਹੈ। ਇਸ ਕਿਤਾਬ ਅਨੁਸਾਰ ਗੁਰੂ ਸਾਹਿਬ ਦੇ ਬੰਗਾਲ ਦੇ ਬਾਦਸ਼ਾਹ ਅਲਾਊਦੀਨ ਹੁਸੈਨ ਨਾਲ ਬਹੁਤ ਨਿੱਘੇ ਸੰਬੰਧ ਸਨ। ਗੁਰੂ ਸਾਹਿਬ ਦਿੱਲੀ ਦੇ ਸੁਲਤਾਨ ਸਿਕੰਦਰ ਲੋਧੀ ਦੇ ਸਖਤ ਖਿਲਾਫ ਸਨ, ਕਿਉਂਕਿ ਲੋਧੀ ਇਨਸਾਫ ਕਰਨ ਵੇਲੇ ਮਜ਼ਹਬੀ ਪੱਖਪਾਤ ਕਰਦਾ ਸੀ ਅਤੇ ਉਸ ਨੇ ਮਥੁਰਾ ਦਾ ਗੋਕਲ ਮੰਦਰ ਅਤੇ ਕਾਂਗੜਾ ਦੇ ਮੰਦਰ ਢੁਹਾਏ ਸਨ। ਇਸ ਕਿਤਾਬ ਦੇ ਅਨੁਸਾਰ ਬਾਦਸ਼ਾਹ ਸਿਕੰਦਰ ਲੋਧੀ ਨੇ ਗੁਰੂ ਨਾਨਕ ਸਾਹਿਬ ਦੇ ਦਿੱਲੀ ਵਿੱਚ ਦਾਖਲੇ ਉੱਤੇ ਪਾਬੰਦੀ ਲਾ ਦਿੱਤੀ ਸੀ।

## ਅਟਾਰੀ ਬਾਰਡਰ ਚੈੱਕ ਪੋਸਟ ਉੱਤੇ 32 ਭਾਰਤੀ ਨਾਗਰਿਕ ਫਸੇ

ਅੰਮ੍ਰਿਤਸਰ, 19 ਮਾਰਚ (ਪੋਸਟ ਬਿਊਰੋ)- ਇੰਟਰਨੈਸ਼ਨਲ ਚੈੱਕ ਪੋਸਟ (ਆਈ ਸੀ ਪੀ) ਅਟਾਰੀ ਬਾਰਡਰ ਵਿਖੇ ਇੱਕ ਅਜੀਬ ਕੇਸ ਵਿੱਚ 32 ਭਾਰਤੀ ਨਾਗਰਿਕ ਫਸੇ ਹੋਏ ਹਨ, ਜੋ ਪਾਕਿਸਤਾਨ ਦੇ ਰਸਤੇ ਭਾਰਤ (ਅਟਾਰੀ ਬਾਰਡਰ) ਵੱਲੋਂ ਆਏ ਹਨ, ਪਰ ਇਨ੍ਹਾਂ ਨੂੰ ਇਮੀਗਰੇਸ਼ਨ ਵਿਭਾਗ ਨੇ ਅਟਾਰੀ ਬਾਰਡਰ 'ਤੇ ਭਾਰਤ ਵਿੱਚ ਐਂਟਰੀ ਕਰਨ ਤੋਂ ਰੋਕ ਦਿੱਤਾ ਹੈ ਅਤੇ ਪਾਕਿਸਤਾਨ ਸਰਕਾਰ ਵੀ ਇਨ੍ਹਾਂ ਨੂੰ ਵਾਪਸ ਨਹੀਂ ਲੈ ਰਹੀ। ਜਾਣਕਾਰ ਸੂਤਰਾਂ ਅਨੁਸਾਰ ਇਹ ਭਾਰਤੀ ਨਾਗਰਿਕ, ਜਿਨ੍ਹਾਂ 'ਚ ਕੁਝ ਪੱਤਰਕਾਰ ਵੀ ਹਨ, ਭਾਰਤ ਤੋਂ ਦੁਬਈ ਗਏ ਸਨ, ਪਰ ਵਾਪਸੀ ਸਮੇਂ ਇਨ੍ਹਾਂ ਨੇ ਵਾਇਆ ਪਾਕਿਸਤਾਨ ਦਾ ਰੂਟ ਲਿਆ, ਕਿਉਂਕਿ ਕੋਰੋਨਾ ਵਾਇਰਸ ਦੇ ਕਾਰਨ ਦੁਬਈ ਦੀਆਂ ਫਲਾਈਟਾਂ ਬੰਦ ਹੋ ਗਈਆਂ ਹਨ।

# ਕੋਰੋਨਾ ਵਾਇਰਸ ਤੋਂ ਬਚਣ ਦਾ ਸਾਮਾਨ ਮਾਰਕੀਟ ਵਿੱਚ ਮਹਿੰਗਾ ਵਿਕ ਰਿਹੈ

ਜਲੰਧਰ, 19 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੇ ਪੂਰੀ ਦੁਨੀਆ ਵਿੱਚ ਕਹਿਰ ਮਚਾ ਰੱਖਿਆ ਹੈ। ਇਸ ਦੇ ਬਚਾਅ ਲਈ ਡਾਕਟਰਾਂ ਨੇ ਕੁਝ ਹਦਾਇਤਾਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਦੱਸਿਆ ਗਿਆ ਹੈ ਕਿ ਸੈਨੀਟਾਈਜ਼ਰ ਨਾਲ ਹੱਥ ਸਾਫ ਰੱਖਣ ਅਤੇ ਮਾਸਕ ਪਾਉਣ ਨਾਲ ਇਸ ਬੀਮਾਰੀ ਤੋਂ ਬਚਿਆ ਜਾ ਸਕਦਾ ਹੈ। ਕਈ ਲੋਕ ਇਸ ਸਾਮਾਨ ਨੂੰ ਮਾਰਕੀਟ ਵਿੱਚ ਵੱਧ ਰੇਟਾਂ ਉੱਤੇ ਵੇਚ ਕੇ ਆਮ ਜਨਤਾ ਨੂੰ ਪਰੇਸ਼ਾਨ ਕਰ ਰਹੇ ਹਨ।

ਇਸ ਤੋਂ ਸਰਕਾਰ ਨੂੰ ਜਾਣੂ ਕਰਾਉਣ ਲਈ ਜਲੰਧਰ ਦੀ ਸੰਸਥਾ ਅਰਦਾਸ ਦੇ ਅਮਨਜੋਤ ਨੇ ਮੇਲ ਰਾਹੀਂ ਇੱਕ ਸ਼ਿਕਾਇਤ ਭੇਜੀ ਹੈ, ਪਰ ਕਈ ਦਿਨ ਲੰਘਣ ਦੇ ਬਾਵਜੂਦ ਸਰਕਾਰ ਦਾ ਜਵਾਬ ਨਹੀਂ ਆਇਆ। ਉਨ੍ਹਾਂ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਵੱਲੋਂ ਇਸ ਨੂੰ ਮਹਾਮਾਰੀ ਐਲਾਨ ਕੀਤਾ ਗਿਆ ਹੈ, ਜੋ ਇਹ ਸਾਬਤ ਕਰਦਾ ਹੈ ਕਿ ਬੜਾ ਵੱਡਾ ਖਤਰਾ ਹੈ, ਜਿਸ ਨਾਲ



ਅਸੀਂ ਸਾਰੇ ਮਿਲ ਕੇ ਨਜਿੱਠ ਸਕਦੇ ਹਾਂ। ਦੁਨੀਆ ਇਸ ਤੋਂ ਬਚਣ ਦੇ ਤਰੀਕੇ ਲੱਭ ਰਹੀ ਹੈ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਪਰ ਭਾਰਤ ਵਿੱਚ ਨਾਜਾਇਜ਼ ਲਾਭ ਲਿਆ ਜਾ ਰਿਹਾ ਹੈ। ਕਾਲਾਬਾਜ਼ਾਰੀ ਕਰਨ ਵਾਲੇ ਲੋਕ ਸਰਗਰਮ ਹੋ ਚੁੱਕੇ ਹਨ। ਸੋਸ਼ਲ ਮੀਡੀਆ ਦਾ ਗਲਤ ਇਸਤੇਮਾਲ ਕਰਕੇ ਲੋਕਾਂ ਵਿੱਚ ਖੌਫ ਪੈਦਾ ਕੀਤਾ ਜਾ ਰਿਹਾ ਹੈ ਅਤੇ ਇਸ ਦੌਰਾਨ ਮਾਸਕ ਤੇ ਸੈਨੇਟਾਈਜ਼ਰ ਦੇ ਰੇਟਾਂ ਵਿੱਚ ਭਾਰੀ ਵਾਧਾ ਕਰ ਦਿੱਤਾ ਗਿਆ ਹੈ। ਕੈਮਿਸਟ ਤੇ ਫਾਰਮਾਸਿਸਟ ਕੋਲ ਇਹ ਮਾਸਕ ਅਤੇ ਸੈਨੇਟਾਈਜ਼ਰ ਮਹਿੰਗੇ ਮੁੱਲ ਉੱਤੇ ਵੇਚ ਰਹੇ ਹਨ।

## ਕੋਰੋਨਾ ਦੇ ਡਰ ਹੇਠ ਲੋਕਾਂ ਨੇ ਕੁੱਤੇ ਅਤੇ ਬਿੱਲੀਆਂ ਘਰੋਂ ਕੱਢੇ

